ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 14 ਫਰਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੩ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243





## ਭਾਜਪਾ ਆਗੂ ਅਨਿਲ ਮੰਗਲਾ ਦੀ ਹੋਈ ਮੌਤ, ਤਿੰਨ ਦਿਨਾਂ ਬਾਅਦ ਭਾਖੜਾ ਨਹਿਰ ਵਿਚੋਂ ਮਿਲੀ ਲਾਸ਼

**ਪਟਿਆਲਾ, 13 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪਟਿਆਲਾ ਤੋਂ ਭਾਰਤੀ ਜਨਤਾ ਪਾਰਟੀ ਦੇ ਆਗੂ ਅਨਿਲ ਮੰਗਲਾ ਦੀ ਮੌਤ ਹੋ ਗਈ ਹੈ। ਅੱਜ ਅਨਿਲ ਮੰਗਲਾ ਦੀ ਭਾਖੜਾ ਨਹਿਰ ਵਿਚੋਂ ਲਾਸ਼ ਮਿਲੀ ਹੈ। ਦੱਸਿਆ ਜਾ ਰਿਹਾ ਹੈ ਕਿ ਸੀਨੀਅਰ ਭਾਜਪਾ ਆਗੂ ਤਿੰਨ ਦਿਨਾਂ ਤੋਂ ਲਾਪਤਾ ਸੀ, ਜਿਸ ਦੀ ਪਰਿਵਾਰ ਵੱਲੋਂ ਭਾਲ ਕੀਤੀ ਜਾ ਰਹੀ ਸੀ। ਜਾਣਕਾਰੀ ਅਨੁਸਾਰ, ਗੋਤਾਖੋਰਾਂ ਨੇ ਸਮਾਣਾ-ਜੋੜੇਮਾਜਰਾ ਨਜ਼ਦੀਕ ਨਹਿਰ ਵਿਚੋਂ ਭਾਜਪਾ ਆਗੂ ਦੀ ਲਾਸ਼ ਬਰਾਮਦ ਕੀਤੀ ਹੈ। ਦੱਸਿਆ ਜਾ ਰਿਹਾ ਹੈ ਕਿ ਭਾਜਪਾ ਆਗੂ ਨੇ ਨਹਿਰ 'ਚ ਛਾਲ ਮਾਰ ਦਿੱਤੀ ਸੀ, ਜਿਸ ਪਿੱਛੋਂ ਲਗਾਤਾਰ ਭਾਲ ਕੀਤੀ ਜਾ ਰਹੀ ਸੀ। ਦੱਸ ਦਈਏ ਕਿ ਮੰਗਲਵਾਰ ਨੂੰ ਭਾਜਪਾ ਆਗੂ ਦਾ ਸਕੂਟਰ ਪਟਿਆਲਾ-ਸਮਾਣਾ ਰੋਡ 'ਤੇ ਪਸਿਆਣਾ ਨੇੜੇ ਭਾਖੜਾ ਨਹਿਰ ਦੇ ਕੰਢੇ ਤੋਂ ਮਿਲਿਆ। ਮੌਕੇ 'ਤੇ ਗੋਤਾਖੋਰ ਯੂਨੀਅਨ ਦੇ ਪ੍ਰਧਾਨ ਸ਼ੰਕਰ ਭਾਰਦਵਾਜ ਨੇ ਦੱਸਿਆ ਸੀ ਕਿ ਭਾਖੜਾ ਨਹਿਰ ਦੇ ਕੰਢੇ ਤੋਂ ਇੱਕ ਚਿੱਟਾ ਐਕਟਿਵਾ ਸਕੂਟਰ ਮਿਲਿਆ ਸੀ, ਜਿਸ ਵਿੱਚ ਇੱਕ ਪਰਸ ਅਤੇ ਪੈਸੇ, ਅਨਿਲ ਮੰਗਲਾ ਦਾ ਮੋਬਾਈਲ ਫੋਨ ਅਤੇ ਉਸਦੀ ਜੈਕੇਟ ਅਤੇ ਬੂਟ ਸ਼ਾਮਲ ਸਨ।



# ਰਾਜਧਾਨੀ ਦੇ ਕਈ ਸਕੂਲਾਂ ਨੂੰ ਧਮਕੀ ਭਰੇ ਈਮੇਲ

# ਸੁਰੱਖਿਆ ਏਜੰਸੀਆਂ ਅਲਰਟ

**ਨਵੀਂ ਦਿੱਲੀ, 13 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਦੇ ਕਈ ਸਕੂਲਾਂ ਨੂੰ ਸ਼ੁੱਕਰਵਾਰ ਸਵੇਰੇ ਬੰਬ ਧਮਕੀ ਵਾਲੇ ਈਮੇਲ ਮਿਲਣ ਕਾਰਨ ਹੜਕੰਪ ਮਚ ਗਿਆ। ਜਾਣਕਾਰੀ ਮਿਲਦੇ ਹੀ ਦਿੱਲੀ ਪੁਲਿਸ, ਫਾਇਰ ਬ੍ਰਿਗੇਡ ਅਤੇ ਬੰਬ ਨਿਰੋਧਕ ਦਸਤੇ ਮੌਕੇ 'ਤੇ ਪਹੁੰਚੇ ਅਤੇ ਸਕੂਲ ਕੈਂਪਸਾਂ ਵਿੱਚ ਵਿਸਥਾਰਪੂਰਵਕ ਜਾਂਚ ਸ਼ੁਰੂ ਕੀਤੀ ਗਈ। ਪੁਲਿਸ ਅਧਿਕਾਰੀਆਂ ਮੁਤਾਬਕ ਸਵੇਰੇ ਕਰੀਬ 9.12 ਵਜੇ ਤਿੰਨ ਸਕੂਲਾਂ ਵੱਲੋਂ ਧਮਕੀ ਭਰੇ ਈਮੇਲ ਦੀ ਸੂਚਨਾ ਮਿਲੀ। ਇਨ੍ਹਾਂ ਵਿੱਚ ਝੰਡੇਵਾਲਾਨ ਸਥਿਤ ਬੀਟੀ ਤਮਿਲ ਸਕੂਲ, ਸਰਦਾਰ ਪਟੇਲ ਵਿਦਿਆਲਿਆ ਅਤੇ ਦ ਬ੍ਰਿਟਿਸ਼ ਸਕੂਲ ਸ਼ਾਮਲ ਹਨ। ਇਸ ਤੋਂ ਬਾਅਦ ਹੋਰ ਸਕੂਲਾਂ ਨੇ ਵੀ ਇਸੇ ਤਰ੍ਹਾਂ ਦੇ ਈਮੇਲ ਮਿਲਣ ਦੀ ਜਾਣਕਾਰੀ ਦਿੱਤੀ। ਸਾਵਧਾਨੀ ਵਜੋਂ ਸਕੂਲ ਪ੍ਰਸ਼ਾਸਨਾਂ ਨੇ ਵਿਦਿਆਰਥੀਆਂ ਨੂੰ ਤੁਰੰਤ ਇਮਾਰਤਾਂ ਤੋਂ ਬਾਹਰ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ। ਇੱਕ ਸਕੂਲ ਵੱਲੋਂ ਮਾਪਿਆਂ ਨੂੰ ਭੇਜੇ ਸੁਨੇਹੇ ਵਿੱਚ ਕਿਹਾ ਗਿਆ ਕਿ ਸੁਰੱਖਿਆ ਸੰਬੰਧੀ ਚੇਤਾਵਨੀ ਮਿਲੀ ਹੈ ਅਤੇ ਪੁਲਿਸ ਟੀਮਾਂ ਜ਼ਰੂਰੀ ਕਾਰਵਾਈ ਕਰ ਰਹੀਆਂ ਹਨ। ਵਿਦਿਆਰਥੀ ਸੁਰੱਖਿਅਤ ਹਨ ਅਤੇ ਜਦੋਂ ਇਲਾਕਾ ਪੂਰੀ ਤਰ੍ਹਾਂ ਸੁਰੱਖਿਅਤ ਘੋਸ਼ਿਤ ਕਰ ਦਿੱਤਾ ਜਾਵੇਗਾ ਤਾਂ ਕਲਾਸਾਂ ਮੁੜ ਸ਼ੁਰੂ ਕੀਤੀਆਂ ਜਾਣਗੀਆਂ। ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਹੁਣ ਤੱਕ ਕਿਸੇ ਵੀ ਸਕੂਲ ਤੋਂ ਕੋਈ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ। ਜਾਂਚ ਟੀਮਾਂ ਵੱਲੋਂ ਤਫਤੀਸ਼ ਜਾਰੀ ਹੈ ਅਤੇ ਈਮੇਲ ਭੇਜਣ ਵਾਲਿਆਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਗੌਰਤਲਬ ਹੈ ਕਿ ਪਿਛਲੇ ਇੱਕ ਹਫ਼ਤੇ ਵਿੱਚ ਇਹ ਦੂਜੀ ਵਾਰ ਹੈ ਜਦੋਂ ਦਿੱਲੀ ਦੇ ਸਕੂਲਾਂ ਨੂੰ ਇਸ ਤਰ੍ਹਾਂ ਦੀਆਂ ਧਮਕੀਆਂ ਮਿਲੀਆਂ ਹਨ। 9 ਫ਼ਰਵਰੀ ਨੂੰ ਵੀ 15 ਤੋਂ ਵੱਧ ਸਕੂਲਾਂ ਨੂੰ ਬੰਬ ਧਮਕੀ ਵਾਲੇ ਈਮੇਲ ਮਿਲੇ ਸਨ, ਜੋ ਬਾਅਦ ਵਿੱਚ ਝੂਠੇ ਸਾਬਤ ਹੋਏ। ਇਸ ਤੋਂ ਪਹਿਲਾਂ ਹਫ਼ਤੇ ਦੇ ਸ਼ੁਰੂ ਵਿੱਚ 13 ਸਕੂਲਾਂ ਨੂੰ ਭੇਜੇ ਗਏ ਈਮੇਲ ਵਿੱਚ ਭੜਕਾਉਂਦੇ ਸੁਨੇਹੇ ਅਤੇ ਸੰਸਦ 'ਤੇ ਹਮਲੇ ਦੀ ਚੇਤਾਵਨੀ ਵੀ ਦਿੱਤੀ ਗਈ ਸੀ। ਵਿਸਥਾਰਪੂਰਵਕ ਜਾਂਚ ਮਗਰੋਂ ਉਹ ਧਮਕੀ ਵੀ ਝੂਠੀ ਨਿਕਲੀ। ਦਿੱਲੀ ਤੋਂ ਇਲਾਵਾ ਚੰਡੀਗੜ੍ਹ ਅਤੇ ਮੋਹਾਲੀ ਦੇ ਸਕੂਲਾਂ ਨੂੰ ਵੀ ਹਾਲੀਆ ਦਿਨਾਂ ਵਿੱਚ ਇਸੇ ਤਰ੍ਹਾਂ ਦੀਆਂ ਧਮਕੀਆਂ ਮਿਲੀਆਂ ਹਨ, ਜਿਸ ਕਾਰਨ ਮਾਪਿਆਂ ਅਤੇ ਪ੍ਰਸ਼ਾਸਨ ਵਿੱਚ ਚਿੰਤਾ ਦਾ ਮਾਹੌਲ ਬਣਿਆ ਹੋਇਆ ਹੈ।



## 'ਆਪ' ਦੀ ਸਰਕਾਰ ਬਣਦਿਆਂ ਹੀ ਕੇਜਰੀਵਾਲ ਨੂੰ ਭੁੱਲਿਆ ਬਰਗਾੜੀ ਮਸਲਾ : ਕੁੰਵਰ ਵਿਜੇ ਪ੍ਰਤਾਪ

**ਅੰਮ੍ਰਿਤਸਰ, 13 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਉੱਤਰੀ ਤੋਂ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ 'ਆਪ' ਸਰਕਾਰ ਨੂੰ ਲੰਮੇ ਹੱਥੀਂ ਲੈਂਦਿਆਂ ਆਖਿਆ ਹੈ ਕਿ ਚੋਣਾਂ ਵੇਲੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ 24 ਘੰਟਿਆਂ ਅੰਦਰ ਬਰਗਾੜੀ ਮਾਮਲੇ ਦਾ ਇਨਸਾਫ਼ ਦੇਣ ਦੀ ਗੱਲ ਆਖ਼ੀ ਸੀ ਪਰ ਸਰਕਾਰ ਬਣਦਿਆਂ ਹੀ ਉਨ੍ਹਾਂ ਨੂੰ ਇਹ ਮਸਲਾ ਭੁੱਲ ਗਏ ਤੇ ਉਨ੍ਹਾਂ ਨੇ ਇਸ ਬਾਰੇ ਕੋਈ ਟਵੀਟ ਤੱਕ ਨਹੀਂ ਕੀਤਾ। ਕੁੰਵਰ ਵਿਜੇ ਪ੍ਰਤਾਪ ਨੇ ਕਿਹਾ ਕਿ ਇਸ ਵੇਲੇ ਪੰਜਾਬ ਦੇ ਮਾਹੌਲ ਕਾਰਨ ਲੋਕ ਡਰੇ ਹੋਏ ਹਨ। ਹਰ ਸ਼ਹਿਰ ਵਿਚ ਆਏ ਦਿਨ ਕਤਲ ਹੋਣ ਅਤੇ ਫਿਰੌਤੀ ਮੰਗਣ ਦੀਆਂ ਖਬਰਾਂ ਆ ਰਹੀਆਂ ਹਨ। ਸਰਕਾਰ ਗੈਂਗਸਟਰਾਂ ਪ੍ਰਤੀ ਬਹੁਤ 'ਨਰਮ ਰਵੱਈਆ' ਰੱਖ ਰਹੀ ਹੈ, ਜਿਸ ਕਾਰਨ ਗੈਂਗਸਟਰ ਪੁਲਸ ਥਾਣਿਆਂ ਵਿਚ ਬੈਠ ਕੇ ਟੀ. ਵੀ. ਚੈਨਲਾਂ ਨੂੰ ਇੰਟਰਵਿਊ ਦੇ ਰਹੇ ਹਨ। ਇਹ ਸਰਕਾਰ ਅਤੇ ਗੈਂਗਸਟਰਾਂ ਦੀ ਮਿਲੀਭੁਗਤ ਦਾ ਨਤੀਜਾ ਹੈ। ਜਨਤਾ ਨੇ ਸਰਕਾਰ ਨੂੰ ਜਿਸ ਕੰਮ ਲਈ ਚੁਣਿਆ ਸੀ, ਸਰਕਾਰ ਉਸ 'ਤੇ ਖਰੀ ਨਹੀਂ ਉਤਰੀ। ਨਸ਼ੇ ਅਤੇ ਗੈਂਗਸਟਰਾਂ ਦੇ ਖ਼ਿਲਾਫ ਪ੍ਰਹਾਰ ਬੋਲ ਕੇ ਨਹੀਂ ਹੁੰਦਾ, ਜਿਸ ਨੇ ਕਹਿ ਦਿੱਤਾ ਉਹ ਕਮਜ਼ੋਰ ਹੁੰਦਾ ਹੈ। ਇਨ੍ਹਾਂ ਆਪ੍ਰੇਸ਼ਨਾਂ ਦਾ ਤਾਂ ਆਮ ਜਨਤਾ ਨੂੰ ਪਤਾ ਹੀ ਨਹੀਂ ਲੱਗਣਾ ਚਾਹੀਦਾ। 'ਆਪ੍ਰੇਸ਼ਨ ਪ੍ਰਹਾਰ' ਤੇ 'ਯੁੱਧ ਨਸ਼ਿਆਂ ਵਿਰੁੱਧ' ਸਿਰਫ ਮੀਡੀਆ ਦਿਖਾਵਾ ਅਤੇ ਇਸ਼ਿਤਹਾਰਬਾਜ਼ੀ ਹੈ। 'ਯੁੱਧ ਨਸ਼ਿਆਂ ਵਿਰੁੱਧ' ਦੀਆਂ ਰੈਲੀਆਂ ਵਿਚ ਨਸ਼ਿਆਂ ਦੇ ਕਾਰੋਬਾਰੀ ਜ਼ਿਆਦਾ ਸ਼ਾਮਲ ਹੁੰਦੇ ਹਨ। ਇਹ ਲੜਾਈਆਂ ਅੰਦਰੂਨੀ ਤੌਰ 'ਤੇ ਹੁੰਦੀਆਂ ਹਨ। ਬਹੁਤ ਸਾਰੇ ਗੈਂਗਸਟਰ ਤਾਂ ਜੇਲਾਂ ਅੰਦਰੋਂ ਜਾਂ ਦੂਜੇ ਦੇਸ਼ਾਂ ਤੋਂ ਆਪਣੀਆਂ ਕਾਰਵਾਈਆਂ ਕਰ ਰਹੇ ਹਨ। ਜੇਲਾਂ ਅੰਦਰ ਮੋਬਾਈਲ ਫ਼ੋਨ ਦੀ ਵਰਤੋਂ ਤੋਂ ਬਿਨਾਂ ਇਹ ਸਭ ਨਹੀਂ ਹੋ ਸਕਦਾ ਤੇ ਜੇਲ ਅੰਦਰ ਮੋਬਾਈਲ ਫ਼ੋਨ ਅਤੇ ਨੈੱਟਵਰਕ ਪਹੁੰਚਣਾ ਸਰਕਾਰੀ ਤੰਤਰ ਦੀ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ ਹੈ।



## ਕੈਪਟਨ ਅਮਰਿੰਦਰ ਸਿੰਘ ਤੇ ਰਣਇੰਦਰ ਸਿੰਘ ਨੂੰ ਸੰਮਨ ਦਾ ਮਾਮਲਾ, ਸੰਮਨ ਭੇਜਣ ਵਾਲੇ ਸੀਨੀਅਰ ਅਧਿਕਾਰੀ ਦਾ ਹੋਇਆ ਤਬਾਦਲਾ

**ਜਲੰਧਰ, 13 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਵਿਦੇਸ਼ੀ ਮੁਦਰਾ ਪ੍ਰਬੰਧਨ ਕਾਨੂੰਨ ਦੀ ਕਥਿਤ ਉਲੰਘਣਾ ਦੇ ਮਾਮਲੇ ਵਿੱਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਨੂੰ ਸੰਮਨ ਜਾਰੀ ਹੋਣ ਤੋਂ ਬਾਅਦ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਪੰਜਾਬ ਵਿੱਚ ਤਾਇਨਾਤ ਸੀਨੀਅਰ ਅਧਿਕਾਰੀ ਦਾ ਤਬਾਦਲਾ ਕਰ ਦਿੱਤਾ ਗਿਆ ਹੈ।

ਈ.ਡੀ. ਦੇ ਐਡੀਸ਼ਨਲ ਡਾਇਰੈਕਟਰ ਰਵੀ ਤਿਵਾੜੀ ਨੂੰ ਚੇਨਈ ਤਬਦੀਲ ਕਰ ਦਿੱਤਾ ਗਿਆ ਹੈ। ਉਨ੍ਹਾਂ ਦੀ ਥਾਂ ਹੁਣ ਦਿਨੇਸ਼ ਪਚੂਰੀ ਨੂੰ ਨਵਾਂ ਅਧਿਕਾਰੀ ਲਾਇਆ ਗਿਆ ਹੈ। ਦੱਸ ਦਈਏ ਕਿ ਰਵੀ ਤਿਵਾਰੀ, ਜੋ 2009 ਬੈਚ ਦੇ ਆਈ.ਆਰ.ਐਸ. ਅਧਿਕਾਰੀ ਹਨ ਅਤੇ ਸਤੰਬਰ 2023 ਤੋਂ ਜਲੰਧਰ ਵਿੱਚ ਤਾਇਨਾਤ ਸਨ। ਹੈਰਾਨੀਜਨਕ ਗੱਲ ਇਹ ਹੈ ਕਿ ਤਿਵਾਰੀ ਦਾ ਤਬਾਦਲਾ ਉਸ ਸਮੇਂ ਕੀਤਾ ਗਿਆ ਹੈ, ਜਦੋਂ ਕੇਂਦਰੀ ਏਜੰਸੀ ਵੱਲੋਂ ਕੈਪਟਨ ਅਮਰਿੰਦਰ ਸਿੰਘ ਅਤੇ ਰਣਇੰਦਰ ਸਿੰਘ ਨੂੰ ਸੰਮਨ ਜਾਰੀ ਕੀਤੇ ਗਏ ਹਨ। ਸਿਆਸੀ ਗਲਿਆਰਿਆਂ ਵੱਲੋਂ ਇਸ ਤਬਾਦਲੇ ਨੂੰ ਕੈਪਟਨ ਅਮਰਿੰਦਰ ਸਿੰਘ ਨੂੰ ਭੇਜੇ ਗਏ ਸੰਮਨਾਂ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਈ.ਡੀ. ਨੇ ਰਣਇੰਦਰ ਸਿੰਘ ਨੂੰ 12 ਫਰਵਰੀ ਅਤੇ ਕੈਪਟਨ ਅਮਰਿੰਦਰ ਸਿੰਘ ਨੂੰ 13 ਫਰਵਰੀ ਨੂੰ ਪੇਸ਼ ਹੋਣ ਲਈ ਕਿਹਾ ਸੀ। ਹਾਲਾਂਕਿ ਦੋਵੇਂ ਨਿਰਧਾਰਿਤ ਮਿਤੀਆਂ 'ਤੇ ਹਾਜ਼ਰ ਨਹੀਂ ਹੋ ਸਕੇ। ਜਾਣਕਾਰੀ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਇਸ ਵੇਲੇ ਮੋਹਾਲੀ ਦੇ ਇੱਕ ਹਸਪਤਾਲ ਵਿੱਚ ਗੋਡੇ ਦੀ ਸਰਜਰੀ ਲਈ ਦਾਖਲ ਹਨ। ਸੂਤਰਾਂ ਮੁਤਾਬਕ ਇਹ ਸੰਮਨ ਰਣਇੰਦਰ ਸਿੰਘ ਖ਼ਿਲਾਫ਼ ਚੱਲ ਰਹੀ ਪੁਰਾਣੀ ਜਾਂਚ ਨਾਲ ਸੰਬੰਧਤ ਹਨ। ਰਣਇੰਦਰ ਨੂੰ ਇਸਤੋਂ ਪਹਿਲਾਂ ਨਵੰਬਰ 2020 ਵਿੱਚ ਈ.ਡੀ. ਨੇ ਪੁੱਛਗਿੱਛ ਲਈ ਬੁਲਾਇਆ ਸੀ, ਜਿੱਥੇ ਉਨ੍ਹਾਂ ਤੋਂ ਸਵਿਟਜ਼ਰਲੈਂਡ ਵਿੱਚ ਰਕਮ ਦੇ ਲੈਣ-ਦੇਣ ਸਬੰਧੀ ਸਵਾਲ ਕੀਤੇ ਗਏ ਸਨ। ਜਾਂਚ ਆਮਦਨ ਕਰ ਵਿਭਾਗ ਦੀਆਂ ਉਨ੍ਹਾਂ ਰਿਪੋਰਟਾਂ ਨਾਲ ਜੋੜੀ ਗਈ ਹੈ, ਜਿਨ੍ਹਾਂ ਵਿੱਚ ਵਿਦੇਸ਼ੀ ਸੰਪਤੀਆਂ ਦੇ ਖੁਲਾਸੇ ਨਾ ਕਰਨ ਦੇ ਦੋਸ਼ ਲੱਗੇ ਸਨ। ਈ. ਡੀ. ਸੂਤਰਾਂ ਅਨੁਸਾਰ, ਕੈਪਟਨ ਅਮਰਿੰਦਰ ਸਿੰਘ ਨੂੰ ਭੇਜੇ ਗਏ ਤਾਜ਼ਾ ਸੰਮਨ ਵੀ ਇਸੇ ਮਾਮਲੇ ਨਾਲ ਜੁੜੇ ਹੋਏ ਹਨ। ਹਾਲਾਂਕਿ, 54 ਵੱਲੋਂ ਅਧਿਕਾਰਤ ਤੌਰ 'ਤੇ ਤਬਾਦਲੇ ਜਾਂ ਅਗਲੇ ਕਦਮਾਂ ਬਾਰੇ ਕੋਈ ਵਿਸਥਾਰਿਤ ਬਿਆਨ ਜਾਰੀ ਨਹੀਂ ਕੀਤਾ ਗਿਆ।"



## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦਾ ਮਾਮਲਾ, ਹਾਈਕੋਰਟ ਨੇ ਚਾਰ ਮੁਲਜ਼ਮਾਂ ਨੂੰ ਦਿੱਤੀ ਅੰਤਰਿਮ ਜ਼ਮਾਨਤ

**ਚੰਡੀਗੜ੍ਹ, 13 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਪੰਜਾਬ-ਹਰਿਆਣਾ ਹਾਈਕੋਰਟ ਨੇ 4 ਮੁਲਜ਼ਮਾਂ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਚਾਰੇ ਮੁਲਜ਼ਮਾਂ ਦੀ ਅੰਤਰਿਮ ਜ਼ਮਾਨਤ ਅਰਜ਼ੀ ਮਨਜ਼ੂਰ ਕਰਦਿਆਂ ਹੁਣ ਮਾਮਲੇ ਦੀ ਅਗਲੀ ਸੁਣਵਾਈ 28 ਅਪ੍ਰੈਲ ਤੱਕ ਪਾ ਦਿੱਤੀ ਹੈ। ਅਦਾਲਤ ਨੇ ਜਿਹੜੇ 4 ਮੁਲਜ਼ਮਾਂ ਨੂੰ ਅੰਤਰਿਮ ਜ਼ਮਾਨਤ ਦਿੱਤੀ ਹੈ, ਉਨ੍ਹਾਂ ਵਿੱਚ ਬਾਜ ਸਿੰਘ, ਕੁਲਵੰਤ ਸਿੰਘ, ਗੁਰਬਚਨ ਸਿੰਘ ਅਤੇ ਗੁਰਮੁੱਖ ਸਿੰਘ ਦੇ ਨਾਮ ਸ਼ਾਮਲ ਹਨ। ਦੱਸ ਦਈਏ ਕਿ ਹਾਈਕੋਰਟ ਵੱਲੋਂ ਦਿੱਤੀ ਗਈ ਇਹ ਜ਼ਮਾਨਤ ਫਿਲਹਾਲ ਅਗਲੀ ਸੁਣਵਾਈ ਤੱਕ ਹੀ ਜਾਰੀ ਰਹੇਗੀ। ਇਸ ਤੋਂ ਪਹਿਲਾਂ, ਕਈ ਮੁਲਜ਼ਮਾਂ ਦੀਆਂ ਅਗਾਊਂ ਜ਼ਮਾਨਤ ਅਰਜ਼ੀਆਂ ਅੰਮ੍ਰਿਤਸਰ ਦੀਆਂ ਹੇਠਲੀਆਂ ਅਦਾਲਤਾਂ ਵੱਲੋਂ ਰੱਦ ਕਰ ਦਿੱਤੀਆਂ ਗਈਆਂ ਸਨ, ਕਿਉਂਕਿ ਅਦਾਲਤਾਂ ਨੇ ਦੋਸ਼ਾਂ ਦੀ ਗੰਭੀਰ ਪ੍ਰਕਿਰਤੀ ਅਤੇ ਗੁੰਮ ਹੋਏ ਸਰੂਪਾਂ ਦਾ ਪਤਾ ਲਗਾਉਣ ਲਈ ਹਿਰਾਸਤ ਵਿੱਚ ਪੁੱਛਗਿੱਛ ਦੀ ਜ਼ਰੂਰਤ ਨੂੰ ਨੋਟ ਕੀਤਾ ਸੀ। ਦੱਸ ਦਈਏ ਕਿ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੇ 7 ਦਸੰਬਰ, 2025 ਨੂੰ ਐਫ. ਆਈ. ਆਰ. ਦਰਜ ਹੋਣ ਤੋਂ ਬਾਅਦ ਜਾਂਚ ਸ਼ੁਰੂ ਕੀਤੀ ਸੀ ਅਤੇ SIT ਨੇ FIR ਵਿੱਚ ਜਾਅਲਸਾਜ਼ੀ ਅਤੇ ਅਪਰਾਧਿਕ ਵਿਸ਼ਵਾਸਘਾਤ ਨਾਲ ਸਬੰਧਤ ਧਾਰਾਵਾਂ 466, 467, 468, ਅਤੇ 471 ਸ਼ਾਮਲ ਕੀਤੀਆਂ ਹਨ।




## ਲੱਕੀ ਓਬਰਾਏ ਕਤਲ ਕੇਸ 'ਚ ਸ਼ਾਮਲ ਨੌਕਰ ਸ਼ਿੰਗਾਰੀ 5 ਦਿਨਾਂ ਦੇ ਰਿਮਾਂਡ 'ਤੇ

**ਜਲੰਧਰ, 13 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਲੱਕੀ ਓਬਰਾਏ ਕਤਲ ਕੇਸ ਦੇ ਸਾਜ਼ਿਸ਼ ਕਰਤਾ ਨੌਕਰ ਸ਼ਿਮੰਦਰ ਸਿੰਘ ਪਵਾਰ ਉਰਫ਼ ਸ਼ਿੰਗਰੀ ਨੂੰ ਪੁਲਸ ਨੇ ਦੇਰ ਰਾਤ ਅੰਮ੍ਰਿਤਸਰ ਤੋਂ ਲਿਆਂਦਾ ਸੀ। ਉਸ ਨੂੰ ਬਾਅਦ ਵਿੱਚ ਦੇਰ ਰਾਤ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਸ਼ਿੰਗਰੀ ਨੂੰ ਚਾਰ ਦਿਨ ਦਾ ਰਿਮਾਂਡ ਦਿੱਤਾ ਹੈ। ਪੁਲਸ ਲੱਕੀ ਦੇ ਕਤਲ ਦੀ ਸਾਜ਼ਿਸ਼ ਸਬੰਧੀ ਸ਼ਿੰਗਰੀ ਤੋਂ ਪੁੱਛਗਿੱਛ ਕਰੇਗੀ। ਇਸ ਤੋਂ ਪਹਿਲਾਂ ਸ਼ਿੰਗਰੀ ਸੱਤ ਦਿਨਾਂ ਤੋਂ ਅੰਮ੍ਰਿਤਸਰ ਪੁਲਸ ਹਿਰਾਸਤ ਵਿੱਚ ਸੀ। ਹਾਲਾਂਕਿ ਪੁਲਸ ਅਜੇ ਤੱਕ ਸ਼ੂਟਰ ਗੁਰਤਾਜ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ ਹੈ। ਹੁਸ਼ਿਆਰਪੁਰ ਪੁਲਸ ਦੀ ਜਾਂਚ 'ਚ ਖ਼ੁਲਾਸਾ ਹੋਇਆ ਹੈ ਕਿ ਗੁਰਤਾਜ ਨੂੰ ਅਮਰੀਕਾ 'ਚ ਰਹਿਣ ਵਾਲੇ ਜੋਗਾ ਫੋਲੜੀਵਾਲ ਨੇ ਪਨਾਹ ਦਿੱਤੀ ਸੀ। ਉਸ ਨੂੰ ਕੁਝ ਦਿਨਾਂ ਲਈ ਸ਼ਹਿਰ 'ਚ ਪਨਾਹ ਦਿੱਤੀ ਗਈ ਸੀ ਅਤੇ ਫੰਡਿੰਗ ਵੀ ਦਿੱਤੀ ਸੀ। ਆਖਰੀ ਵਾਰ ਸ਼ੂਟਰ ਦੀ ਬਲਾਚੌਰ ਵਿਚ ਗੱਡੀ ਚਲਾਉਣ ਦੀ ਸੀ.ਸੀ.ਟੀ.ਵੀ. ਸਾਹਮਣੇ ਆਈ ਸੀ ਪਰ ਉਸ ਦੇ ਬਾਵਜੂਦ ਅਜੇ ਤੱਕ ਸ਼ੂਟਰ ਨੂੰ ਪੁਲਸ ਫੜ ਨਹੀਂ ਸਕੀ ਹੈ। ਹਾਲਾਂਕਿ ਪੁਲਸ ਦੀਆਂ ਵੱਖ-ਵੱਖ ਟੀਮਾਂ ਮੋਹਾਲੀ, ਗੜ੍ਹਸ਼ੰਕਰ ਅਤੇ ਮਾਛੀਵਾੜਾ ਖੇਤਰਾਂ ਵਿੱਚ ਸੀ. ਸੀ. ਟੀ. ਵੀ. ਕੈਮਰਿਆਂ ਦੀ ਜਾਂਚ ਕਰ ਰਹੀਆਂ ਹਨ। ਤਿੰਨ ਰੂਟਾਂ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਟੀਮਾਂ 50-50 ਕਿਲੋਮੀਟਰ ਤੱਕ ਸੀ. ਸੀ. ਟੀ. ਵੀ. ਫੁਟੇਜ ਸਕੈਨ ਕਰ ਰਹੀਆਂ ਹਨ। ਟੀਮ ਰੈਸਟੋਰੈਂਟਾਂ, ਪੈਟਰੋਲ ਪੰਪਾਂ ਅਤੇ ਬੱਸ ਸਟਾਪਾਂ 'ਤੇ ਕੈਮਰਿਆਂ ਦੀ ਵੀ ਸਮੀਖਿਆ ਕਰ ਰਹੀ ਹੈ।

## ਪੰਜਾਬ ਦੀ ਸੂਫੀ ਗਾਇਕ ਨੂਰਾਂ ਤੋਂ ਮੰਗੀ 1 ਕਰੋੜ ਦੀ ਰੰਗਦਾਰੀ, ਗੈਂਗਸਟਰ ਦੇ ਨਾਮ ਤੋਂ ਆਈ ਧਮਕੀ ਦੀ ਕਾਲ



**ਜਲੰਧਰ, 13 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੀ ਸੂਫ਼ੀ ਗਾਇਕਾ ਅਤੇ ਜਲੰਧਰ ਦੀ ਰਹਿਣ ਵਾਲੀ ਜੋਤੀ ਨੂਰਾਂ ਤੋਂ 1 ਕਰੋੜ ਰੁਪਏ ਦੀ ਫਿਰੌਤੀ ਮੰਗੀ ਜਾ ਰਹੀ ਹੈ। ਇਸ ਗੱਲ ਦਾ ਖੁਲਾਸਾ ਖੁਦ ਜੋਤੀ ਨੂਰਾਂ ਦੇ ਪਤੀ ਅਭੀ ਨੇ ਕੀਤਾ ਹੈ। ਉਹ ਕਹਿੰਦੇ ਹਨ ਕਿ ਸੰਪਤ ਨੈਹਰਾ ਦੇ ਨਾਮ ਤੋਂ ਧਮਕੀ ਦੇ ਕੇ ਫਿਰੌਤੀ ਮੰਗੀ ਜਾ ਰਹੀ ਹੈ। ਉਨ੍ਹਾਂ ਨੂੰ ਪੈਸੇ ਨਾ ਦੇਣ 'ਤੇ ਲਗਾਤਾਰ ਧਮਕੀਆਂ ਵਾਲੇ ਫੋਨ ਆ ਰਹੇ ਹਨ। ਉਨ੍ਹਾਂ ਨੂੰ ਸ਼ੱਕ ਹੈ ਕਿ 2 ਦਿਨ ਪਹਿਲਾਂ ਘਰ 'ਤੇ ਹੋਈ ਗੋਲੀਬਾਰੀ ਵੀ ਇਸੇ ਮਾਮਲੇ ਨਾਲ ਸਬੰਧਤ ਹੈ। ਇਸ ਤੋਂ ਪਹਿਲਾਂ ਵੀ ਕੁਝ ਸ਼ੱਕੀ ਘਰ ਦੇ ਬਾਹਰ ਘੁੰਮਦੇ ਰਹੇ ਹਨ। ਉਨ੍ਹਾਂ ਨੇ ਇਸ ਸਬੰਧੀ ਜਲੰਧਰ ਕਮਿਸ਼ਨਰੇਟ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ, ਪਰ 6 ਮਹੀਨਿਆਂ ਤੋਂ ਵੱਧ ਸਮਾਂ ਬੀਤਣ ਤੋਂ ਬਾਅਦ ਵੀ ਪੁਲਿਸ ਕਿਸੇ ਦਾ ਪਤਾ ਨਹੀਂ ਲਗਾ ਸਕੀ। ਉਨ੍ਹਾਂ ਨੇ 2 ਦਿਨ ਪਹਿਲਾਂ ਹੋਈ ਗੋਲੀਬਾਰੀ ਤੋਂ ਬਾਅਦ ਪੁਲਿਸ ਨੂੰ ਵੀ ਸੂਚਿਤ ਕੀਤਾ ਸੀ। ਪੁਲਿਸ ਮੌਕੇ 'ਤੇ ਪਹੁੰਚੀ ਅਤੇ ਇਹ ਕਹਿ ਕੇ ਚਲੀ ਗਈ ਕਿ ਉਹ ਜਾਂਚ ਕਰ ਰਹੇ ਹਨ। ਜਿਸ ਸੰਪਤ ਨਹਿਰਾ ਦੇ ਨਾਮ 'ਤੇ ਜੋਤੀ ਨੂਰਾਂ ਤੋਂ 1 ਕਰੋੜ ਦੀ ਫਿਰੌਤੀ ਮੰਗੀ ਜਾ ਰਹੀ ਹੈ, ਉਹ ਲਾਰੈਂਸ ਦਾ ਰਾਈਟ ਹੈ। ਉਸ ਨੂੰ ਲਾਰੈਂਸ ਗੈਂਗ ਦਾ ਸਭ ਤੋਂ ਭਰੋਸੇਮੰਦ ਸ਼ਾਰਪਸ਼ੂਟਰ ਮੰਨਿਆ ਜਾਂਦਾ ਹੈ। ਉਹ ਫਿਰੌਤੀ ਮੰਗਣ, ਕਤਲ ਅਤੇ ਧਮਕੀ ਦੇਣ ਵਰਗੇ ਕੰਮ ਸੰਭਾਲਦਾ ਹੈ।

ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ ॥

ਏਕ ਨੂਰ ਸਵੈ-ਸੇਵੀ ਸੰਸਥਾ (ਰਜਿ:) ਪਠਲਾਵਾ (ਸ਼.ਭ.ਸ.ਨਗਰ)

# ਏਕ ਨੂਰ ਸਵੈ-ਸੇਵੀ ਸੰਸਥਾ ਰਜਿ:, ਪਠਲਾਵਾ

ਪਿੰਡ ਪਠਲਾਵਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ

**ਧੰਨ ਧੰਨ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ**

# 28ਵਾਂ ਸਲਾਨਾ ਸਹਾਇਤਾ ਵੰਡ ਸਮਾਗਮ

## ਪ੍ਰੋਗਰਾਮ

ਆਵਾਜ਼ਿ ਕੌਮ AWAZE QAUM International Newspaper & WEB TV

ਮਿਤੀ : 11 ਫਰਵਰੀ 2026, ਦਿਨ ਬੁੱਧਵਾਰ ।

ਸਹਾਇਤਾ ਵੰਡ ਸਮਾਗਮ : ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ।

ਸਥਾਨ : **ਗਰਾਂਊਂਡ ਮਿਡਲ ਸਕੂਲ, ਪਿੰਡ ਐਮਾਂ ਜੱਟਾਂ, ਜ਼ਿਲਾ ਹੁਸ਼ਿਆਰਪੁਰ ਵਿਖੇ ।**

ਉਦਘਾਟਨ : ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲੇ, ਯੋਗੀ ਦੇਵੀ ਨਾਥ ਐਮਾਂ ਜੱਟਾਂ ।

ਮੁੱਖ ਮਹਿਮਾਨ : ਸ: ਜਗਤਾਰ ਸਿੰਘ ਸਟੇਟ ਟੈਕਸ ਅਫ਼ਸਰ ਹੁਸ਼ਿਆਰਪੁਰ ।

ਵਿਸ਼ੇਸ਼ ਮਹਿਮਾਨ:
ਪਦਮਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ, ਮੁੱਖ ਸੰਚਾਲਿਕਾ ਯੂਨੀਕ ਹੋਮ, ਭਾਈ ਘੱਨਈਆ ਜੀ ਚੈਰੀਟੇਬਲ ਟਰੱਸਟ ਜਲੰਧਰ ।
ਸ: ਅਮਰੀਕ ਸਿੰਘ (ਨਿਸ਼ਕਾਮ ਟਿਫਨ ਸੇਵਾ ਸੁਸਾਇਟੀ, ਗੁਰੂ ਕੀ ਰਸੋਈ ਨਵਾਂਸ਼ਹਿਰ
ਸ਼੍ਰੀ ਯੋਗ ਰਾਜ ਮੈਰਾ, ਡਾਇਰੈਕਟਰ ਫਾਈਨਾਂਸੀਅਲ ਐਡਵਾਈਜ਼ਰ ਡਿਪਾਰਟਮੈਂਟ ਆਫ ਪੋਸਟ ਮਨੀਸੀਟਰੀ ਆਫ ਕੁਮਿਨੀਕੇਸ਼ਨ ਭਾਰਤ ਸਰਕਾਰ
ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ ਮੈਂਬਰ SGPC ਅੰਮ੍ਰਿਤਸਰ, ਸ: ਦਲਜੀਤ ਸਿੰਘ ਖੱਖ, ਡੀ.ਐਸ.ਪੀ, ਗੜ੍ਹਸ਼ੰਕਰ।
ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਅਤੇ ਬੀ.ਡੀ.ਸੀ. ਨਵਾਂਸ਼ਹਿਰ ।
ਸ: ਸੁਰਜੀਤ ਸਿੰਘ (ਮੁੱਖ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਨਵਾਂਸ਼ਹਿਰ
ਹਰਸੇਵਾ ਮੈਡੀਕਲ ਟਰੱਸਟ, ਯੂ.ਕੇ. ਮੋਰਾਂਵਾਲੀ ।, ਗ੍ਰੀਨ ਵਿਲੇਜ਼ ਸੁਸਾਇਟੀ, ਬੀਣੇਵਾਲ ।
ਉਪਕਾਰ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ, ਗੜ੍ਹਸ਼ੰਕਰ ।
ਮਾਤਾ ਅਮਰ ਕੌਰ, ਚਰਨ ਕੌਰ ਵੈਲਫੇਅਰ ਸੁਸਾਇਟੀ, ਭੂੰਗਰਨੀ, ਹੁਸ਼ਿਆਰਪੁਰ।
ਲੈਕ: ਰਜਿੰਦਰ ਕੁਮਾਰ ਸ਼ਰਮਾ, ਬੰਗਾ।, ਸਮਾਜ ਭਲਾਈ ਸਵੈ-ਸੇਵੀ ਸੰਸਥਾ, ਪਿੰਡ ਸੁੱਜੋਂ ।
ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਚੈਰੀਟੇਬਲ ਹਸਪਤਾਲ ਕੁਲਪੁਰ, ਨਵਾਂਗਰਾ ।
ਸ: ਜਤਿੰਦਰ ਸਿੰਘ ਲਾਡੀ ਸਭ ਦਾ ਭਲਾ ਚੈਰੀਟੇਬਲ ਹਸਪਤਾਲ, ਸ਼ਿਕਾਰ ਮਾਛੀਆਂ (ਗੁਰਦਾਸਪੁਰ)
ਰਵਿੰਦਰ ਕੌਰ ਕਨੇਡਾ ਐਮਾਂ ਜੱਟਾਂ, ਸੁਰਿੰਦਰ ਸਿੰਘ ਯੂ.ਕੇ. ਐਮਾਂ ਜੱਟਾਂ,
ਡਾ: ਪਰਮਿੰਦਰ ਸਿੰਘ ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਖਾਸਲਾ ਕਾਲਜ, ਮਾਹਿਲਪੁਰ ।
ਡਾ: ਤਰਸੇਮ ਸਿੰਘ ਭਿੰਡਰ ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ, ਬੰਗਾ ।

ਇਸ ਮੌਕੇ ਤੇ ਧਾਰਮਿਕ ਪੁਸਤਕਾਂ ਦਾ ਲੰਗਰ ਲਗਾਇਆ ਜਾਵੇਗਾ ।

ਲਾਈਵ ਚੈਨਲ ਮਿਸਟਰ ਸਿੰਘ ਪ੍ਰੋਡੈਕਸ਼ਨ ਟੀ.ਵੀ. ਚੈਨਲ ਤੇ ਲਾਈਵ ਹੋਵੇਗਾ ।

ਸਨਮਾਨਿਤ ਸਖਸ਼ੀਅਤਾਂ ਅਤੇ ਸੰਸਥਾਵਾਂ
ਮੇਜ਼ਰ ਮਨਦੀਪ ਸਿੰਘ ਵੈਲਫੇਅਰ ਸੁਸਾਇਟੀ ਨਵਾਂਸ਼ਹਿਰ ।
ਸ: ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ, ਢਾਹਾਂ ਕਲੇਰਾਂ ।
ਡਾ: ਕਸ਼ਮੀਰ ਚੰਦ ਐਮ.ਐਸ. ਪੀ.ਸੀ.ਐਮ.ਐਸ.-1, ਸਰਜੀਕਲ ਸਪੈਸ਼ਲਿਸਟ, ਐਮ.ਜੇ. ਲਾਈਫ ਹਸਪਤਾਲ, ਬੰਗਾ
ਡਾ: ਨਿਰਮਲ ਕੁਮਾਰ, ਐਸ.ਐਮ.ਓ. ਸੀ.ਐਚ.ਸੀ. ਬੀਣੇਵਾਲ, ਰਿਟਾਇਰ ਪ੍ਰਿੰਸੀਪਲ ਜਗਮੋਹਨ ਸਿੰਘ ਡਾਂਡੀਆਂ ।
ਰਿਟਾਇਰ ਵਾਈਸ ਚਾਂਸਲਰ ਧਰਮਜੀਤ ਸਿੰਘ ਪਰਮਾਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ

ਸਿਲਾਈ ਮਸ਼ੀਨਾਂ ਦੀ ਵੰਡ : ਆਰਥਿਕ ਪੱਖ ਤੋਂ ਕਮਜ਼ੋਰ ਲੜਕੀਆਂ/ਵਿਧਵਾਵਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਣਗੀਆਂ ।
ਵੀਹਲ ਚੇਅਰ/ਟ੍ਰਾਈ ਸਾਇਕਲ ਦੀ ਵੰਡ: ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ ਪ੍ਰਦਾਨ ਕੀਤੇ ਜਾਣਗੇ।

**ਸਿੱਖ ਵਿਦਵਾਨ ਗਿਆਨੀ ਬਲਕਾਰ ਸਿੰਘ ਜੀ ਦਮਦਮੀ ਟਕਸਾਲ ਵਾਲੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਤੇ ਚਾਨਣਾਂ ਪਾਉਣਗੇ ।**

ਅਜ਼ਾਦ ਰੰਗਮੰਚ ਰਜਿ: ਕਲਾ ਭਵਨ ਫਗਵਾੜਾ ਵਲੋਂ ਬੀਬੀ ਕੁਲਵੰਤ ਦੇ ਨਿਰਦੇਸ਼ਨਾ ਤਹਿਤ "ਗੁਰੂ ਤੇਗ ਬਹਾਦਰ ਬੋਲਿਆ" ਨਾਟਕ ਪੇਸ਼ ਕੀਤਾ ਜਾਵੇਗਾ ।

ਆਪ ਜੀ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ ।

ਚਾਹ ਪਕੌੜੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

ਉਡੀਕਵਾਨ : ਸਮੂਹ ਆਹੁਦੇਦਾਰ ਅਤੇ ਮੈਂਬਰਾਨ ਏਕ ਨੂਰ ਸਵੈ-ਸੇਵੀ ਸੰਸਥਾ (ਰਜਿ:) ਪਠਲਾਵਾ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਿੰਡ ਐਮਾਂ ਜੱਟਾਂ (ਹੁਸ਼ਿਆਰਪੁਰ)

ਮੋਬਾ: 98153-48143, 98140-23547

ਛਾਪਕ : ਸੱਲੂਣ ਪ੍ਰਿੰਟਿੰਗ ਪ੍ਰੈਸ, ਬੰਗਾ # 94646-34793, 98159-01698




## ਪਿੰਡ ਬਾਲੀਆ ਮੰਝਪੁਰ ਵਿਖੇ ਟਿੱਕਾ ਨਾਰਵੇ ਵੱਲੋਂ ਸਰਬੱਤ ਦੇ ਭਲੇ ਲਈ

# ਅਰਦਾਸ ਸਮਾਗਮ ਕਰਵਾਇਆ ਗਿਆ

**ਜੰਡਿਆਲਾ ਗੁਰੂ, 13 ਫਰਵਰੀ (ਕੁਲਵੰਤ ਸਿੰਘ ਵਿਰਦੀ )**-ਜੰਡਿਆਲਾ ਗੁਰੂ ਤੋਂ ਥੋੜ੍ਹੀ ਦੂਰੀ ਤੇ ਪੈਂਦੇ ਪਿੰਡ ਬਾਲੀਆ ਮੰਝਪੁਰ ਦੇ ਜੰਮਪਲ ਹਰਿੰਦਰ ਪਾਲ ਸਿੰਘ ਟਿੱਕਾ ਨਾਰਵੇ ਜੋ ਕਿ ਅੱਜ ਤੋਂ ਕਾਫੀ ਸਮਾਂ ਪਹਿਲਾਂ ਰੋਜ਼ੀ ਰੋਟੀ ਦੀ ਭਾਲ ਵਿਚ ਯੂਰਪ ਦਾ ਦੇਸ਼,ਨਾਰਵੇ ਵਿੱਚ ਗਏ ਸਨ। ਜਿੱਥੇ ਉਨਾਂ ਨੇ ਘੋਰ ਮਿਹਨਤ ਕਰਨ ਤੋਂ ਬਾਅਦ ਆਪਣਾ ਪੈਰ ਧਰਾਵਾ ਕੀਤਾ। ਤੇ ਅੱਜ ਵਾਹਿਗੁਰੂ ਦੀ ਕਿਰਪਾ ਸਦਕਾ ਉਹਨਾਂ ਦਾ ਵਧੀਆ ਕਾਰੋਬਾਰ ਅਤੇ ਪਰਿਵਾਰ ਨਾਰਵੇ ਵਿੱਚ ਰਹਿ ਰਿਹਾ ਹੈ।ਸੱਤ ਸਮੁੰਦਰੋਂ ਪਾਰ ਰਹਿਣ ਦੇ ਬਾਵਜੂਦ ਵੀ ਹਰਿੰਦਰ ਪਾਲ ਸਿੰਘ ਟਿੱਕਾ ਨਾਰਵੇ ਦਾ ਪਿੰਡ ਪ੍ਰਤੀ ਅਥਾਹ ਪਿਆਰ ਹੈ। ਹਰਵਿੰਦਰ ਪਾਲ ਸਿੰਘ ਟਿੱਕਾ ਨੂੰ ਬਚਪਨ ਤੋਂ ਹੀ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨਾਲ ਬਹੁਤ ਪਿਆਰ ਸੀ।ਅਤੇ ਉਹ ਹੁਣ ਤੱਕ ਕਬੱਡੀ ਨੂੰ ਪ੍ਰਮੋਟਰ ਕਰਦੇ ਆ ਰਹੇ ਹਨ। ਪਿੰਡਾਂ ਵਿੱਚ ਕਬੱਡੀ ਦੀਆਂ ਟੀਮਾਂ ਨੂੰ ਬੱਚਿਆਂ ਨੂੰ ਕਬੱਡੀ ਦੀ ਖੇਡ ਪ੍ਰਤੀ ਪ੍ਰੇਰਿਤ ਕਰਕੇ ਉਹਨਾਂ ਦੀ ਹੌਸਲਾ ਫਜਾਈ ਕਰਦੇ ਹਨ।ਪਿਛਲੇ ਦਿਨੀ ਹਰਿੰਦਰਪਾਲ ਸਿੰਘ ਟਿੱਕਾ ਨਾਰਵੇ ਆਪਣੇ ਪੂਰੇ ਪਰਿਵਾਰ ਸਮੇਤ ਵਿਦੇਸ਼ ਚੋਂ ਆਪਣਾ ਜੱਦੀ ਪਿੰਡ ਬਾਲੀਆ ਮੰਜਪੁਰ ਆਏ ਅਤੇ ਸਾਰੇ ਪਿੰਡ ਦੇ ਲੋਕਾਂ ਅਤੇ ਹਲਕੇ ਦੇ ਲੋਕਾਂ ਨੂੰ ਉਨ੍ਹਾਂ ਨੂੰ ਅਥਾਹ ਪਿਆਰ ਬਖਸ਼ਿਆ ਹਰਿੰਦਰ ਪਾਲ ਸਿੰਘ ਟਿੱਕਾ ਨਾਰਵੇ ਅਜਿਹੇ ਇਨਸਾਨ ਹਨ ਕਿ ਜਦੋ ਵੀ ਆਪਣੇ ਪਿੰਡ ਆਉਂਦੇ ਹਨ ਤਾ ਉਹ ਸਾਰੇ ਹੀ ਨਗਰ ਦੇ ਲੋਕਾਂ ਵਿੱਚ ਵਿਚਾਰਦੇ ਹਨ।। ਲੋਕੀ ਵੀ ਉਹਨਾਂ ਨੂੰ ਬਹੁਤ ਸਾਰਾ ਪਿਆਰ ਬਖਸ਼ਦੇ ਹਨ। ਇਸ ਵਾਰ ਉਹਨਾਂ ਨੇ ਸਰਬੱਤ ਦੇ ਭਲੇ ਵਾਸਤੇ ਬਾਲੀਆ, ਮੰਜਪੁਰ ਵਿਖੇ ਸਥਿਤ ਭਗਤ ਰਾਮ ਜੀ ਦੇ ਅਸਥਾਨ ਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸਾਹਿਬ ਕਰਵਾਇਆ, ਗਿਆ। ਜਿਸ ਵਿੱਚ ਪੂਰੇ ਪਿੰਡ ਨੇ ਸਿਰਕਤ ਕੀਤੀ ਅਤੇ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਆਪਣੀ ਹਾਜ਼ਰੀ ਲਵਾਈ। ਮੌਕੇ ਤੇ ਰਾਗੀ ਸਿੰਘਾਂ ਨੇ ਵੀ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਭੋਗ ਦੀ ਅਰਦਾਸ ਤੋਂ ਉਪਰੰਤ ਸਾਰੇ ਗੁਰੂ ਦੇ ਵਜ਼ੀਰ ਅਤੇ ਰਾਗੀ ਸਿੰਘਾਂ ਨੂੰ ਸਿਰੋਪੇ ਦੇ ਸਨਮਾਨਿਤ ਕੀਤਾ ਅਤੇ ਉਸ ਤੋਂ ਬਾਅਦ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।ਇਸ ਮੌਕੇ ਤੇ ਹਲਕਾ ਜੰਡਿਆਲਾ ਗੁਰੂ ਦੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਨੇ ਵੀ ਆਪਣੀ ਹਾਜ਼ਰੀ ਲਵਾਈ।।



ਆਵਾਜ਼ਿ ਕੌਮ AWAZE QAUM
International Newspaper & WEB TV

ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। **-ਸੰਪਾਦਕ**


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV

# ਅੱਖਾਂ ਦਾ ਮੁਫ਼ਤ ਅਪ੍ਰੇਸ਼ਨ ਕੈਂਪ 16 ਫਰਵਰੀ ਦਿਨ ਸੋਮਵਾਰ ਨੂੰ

**ਵਾਹਿਗੁਰੂ ਜੀ ਕਾ ਖਾਲਸਾ ॥**
**ਵਾਹਿਗੁਰੂ ਜੀ ਕੀ ਫਤਿਹ ॥**

ਸਮੂਹ ਨਗਰ ਨਿਵਾਸੀਆਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਪਿੰਡ ਭੰਗਵਾਂ ਨੇੜੇ ਲੋਪੋਕੇ, ਜ਼ਿਲ੍ਹਾ



ਅੰਮ੍ਰਿਤਸਰ ਵਿਖ਼ੇ ਅੱਖਾਂ ਦਾ ਮੁਫ਼ਤ ਅਪ੍ਰੇਸ਼ਨ ਕੈਂਪ ਲੱਗ ਰਿਹਾ ਹੈ। ਇਹ ਕੈਂਪ ਪਿੰਡ ਭੰਗਵਾਂ ਦੇ ਗੁਰਦੁਆਰਾ ਸਾਹਿਬ ਵਿੱਚ 16 ਫਰਵਰੀ 2026 ਦਿਨ ਸੋਮਵਾਰ ਨੂੰ ਸਵੇਰੇ 9 ਵਜੇ ਤੋਂ ਦੁਪਿਹਰ 12 ਵਜੇ ਤੱਕ ਲੱਗੇਗਾ। ਜਿਸ ਵਿੱਚ ਅੱਖਾਂ ਦੇ ਰੋਗਾਂ ਦੇ ਮਾਹਿਰ ਡਾਕਟਰ ਪਹੁੰਚ ਰਹੇ ਹਨ। ਚਿੱਟੇ ਮੋਤੀਏ ਦੇ ਮੁਫ਼ਤ ਆਪ੍ਰੇਸ਼ਨ ਕੀਤੇ ਜਾਣਗੇ। ਲੋੜਵੰਦ ਮਰੀਜ਼ ਆਪਣੇ ਅਧਾਰ ਕਾਰਡ ਦੀ ਫੋਟੋ ਕਾਪੀ ਅਤੇ ਜੋ ਦਵਾਈਆਂ ਉਹ ਖਾਂਦੇ ਹਨ ਜਾਂ ਜਿਹੜੀਆਂ ਐਨਕਾਂ ਉਹ ਲਗਾਉਂਦੇ ਹਨ ਜਰੂਰ ਨਾਲ ਲੈ ਕੇ ਆਉਣ। ਚੈੱਕਅਪ ਤੋਂ ਬਾਅਦ ਅਪ੍ਰੇਸ਼ਨ ਵਾਲੇ ਮਰੀਜਾਂ ਨੂੰ ਦੁਪਿਹਰ 2 ਵਜੇ ਬੱਸ ਰਾਹੀਂ ਸ਼ੰਕਰਾ ਹਸਪਤਾਲ ਲੁਧਿਆਣਾ ਭੇਜਿਆ ਜਾਵੇਗਾ। ਜਿੱਥੇ ਮਰੀਜ਼ਾਂ ਦੇ ਅਪ੍ਰੇਸ਼ਨ ਹੋਣਗੇ, ਉਨ੍ਹਾਂ ਦੇ ਰਹਿਣ ਅਤੇ ਖਾਣ- ਪੀਣ ਦਾ ਵਧੀਆ ਤੇ ਮੁਫ਼ਤ ਪ੍ਰਬੰਧ ਹੋਵੇਗਾ।

**ਇਹ ਕੈਂਪ ਪਿੰਡ ਭੰਗਵਾਂ ਦੀ ਸੰਗਤ, ਭਾਈ ਜੁਗਰਾਜ ਸਿੰਘ ਭੰਗਵਾਂ ਅਤੇ ਬੀਬੀ ਜਸਮੀਤ ਕੌਰ ਛੀਨਾ ਵੱਲੋਂ ਸਾਂਝੇ ਤੌਰ 'ਤੇ ਲਗਾਇਆ ਜਾ ਰਿਹਾ ਹੈ।**

ਆਵਾਜ਼ਿ ਕੌਮ AWAZE QAUM International Newspaper & WEB TV

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :

**ਭਾਈ ਜੁਗਰਾਜ ਸਿੰਘ ਭੰਗਵਾਂ ਮੋਬਾਇਲ ਨੰ : 95921- 60315**
**ਬੀਬੀ ਜਸਮੀਤ ਕੌਰ ਛੀਨਾ ਮੋਬਾਇਲ ਨੰ : 98559 - 73085**




**ਸਾਹਿਬ ਸਤਿਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਖਾਰਗਰ ਨਵੀਂ ਮੁੰਬਈ ਵਿਖੇ ਮਿਤੀ 28 ਫਰਵਰੀ ਅਤੇ 1 ਮਾਰਚ 2026 ਨੂੰ ਦੋ ਰੋਜ਼ਾ ਬਹੁਤ ਭਾਰੀ ਮਹਾਨ ਗੁਰਮਤਿ ਸਮਾਗਮ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾ ਦੀ ਅਗੁਵਾਈ 'ਚ ਮਹਾਰਾਸ਼ਟਰ ਦੀ ਸਰਕਾਰ ਦੀ ਦੇਖ ਰੇਖ ਹੇਠ ਕੀਤਾ ਜਾ ਰਿਹਾ ਹੈ।**

**ਸੰਗਤਾਂ ਨੂੰ ਬੇਨਤੀ ਹੈ ਇਹਨਾਂ ਸਮਾਗਮਾਂ 'ਚ ਹਾਜਰੀਆਂ ਭਰੋ ਅਤੇ ਲਾਹੇ ਪ੍ਰਾਪਤ ਕਰੋ ਜੀ।**


ਗੁਰਦੁਆਰਾ ਲਵੇਰੀਸਰ
ਸਾਹਿਬ ਢਾਣੀ ਕਾਹਨ ਸਿੰਘ
ਪਿੰਡ ਮੱਲੇਵਾਲਾ ਸਿਰਸਾ
ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ
ਨੀਂਹ ਪੱਥਰ ਸਮਾਗਮ
ਮਿਤੀ 19 ਫਰਵਰੀ
2026 ਦਿਨ ਵੀਰਵਾਰ
ਸਮਾਂ
ਸਵੇਰੇ 9 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 9 ਵਜੇ ਸਵੇਰੇ ਉਪਰੰਤ ਸੰਤ ਮਹਾਂਪੁਰਸ਼ ਨੀਂਹ ਪੱਥਰ ਰੱਖਣਗੇ
ਇਸ ਮੌਕੇ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜੱਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਸਿੱਧ ਕੀਰਤਨੀਏ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਦਾਦੂ ਸਾਹਿਬ ਗੁਰਬਾਣੀ ਕਥਾ ਕੀਰਤਨ ਦੁਆਰਾ ਨਿਹਾਲ ਕਰਨਗੇ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਸਰਬੱਤ ਸੰਗਤਾਂ ਸਮੇਂ ਸਿਰ ਪੁੱਜ ਕੇ ਨਾਮ ਬਾਣੀ ਦਾ ਲਾਹਾ ਪ੍ਰਾਪਤ ਕਰੋ ਜੀ
ਬੇਨਤੀ ਕਰਤਾ ਸਮੂਹ ਸਾਧਸੰਗਤ ਨਗਰ ਨਿਵਾਸੀ ਢਾਣੀ ਕਾਹਨ ਸਿੰਘ


ਬਾਬਾ ਜੀਵਨ ਸਿੰਘ ਯੁਵਾ ਕਲੱਬ
ਪਿੰਡ ਕਾਲਾਂਵਾਲੀ (ਸਿਰਸਾ)
ਵੱਲੋਂ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਾਲੇ
ਮਹੰਤ ਦੇਵਾਦਾਸ ਜੀ (ਡੇਰਾ ਬਾਬਾ ਮੰਡਾਲਾ)
ਸ਼ਾਨਦਾਰ ਕਬੱਡੀ ਟੂਰਨਾਮੈਂਟ
20 ਫਰਵਰੀ 2026, ਦਿਨ ਸ਼ੁੱਕਰਵਾਰ
ਸਥਾਨ : ਸਾਹਮਣੇ ਨਵੀਂ ਦਾਣਾ ਮੰਡੀ, ਡੱਬਵਾਲੀ ਰੋਡ, ਪਿੰਡ ਕਾਲਾਂਵਾਲੀ
ਬਲਰਾਜ ਬਾਜੀ
ਪਰਵਿੰਦਰ ਸਿੰਘ (ਲੱਡੂ)
ਜਗਦੀਪ ਸਿੰਘ (ਦੀਪ)
ਰਾਜਵੀਰ ਸਿੰਘ
ਕਬੱਡੀ 75 ਕਿਲੋ ਦੇ ਬੈਸਟ ਰੇਡਰ ਅਤੇ ਬੈਸਟ ਜਾਫੀ ਨੂੰ ਵਾਸ਼ਿੰਗ ਮਸ਼ੀਨਾਂ ਦਿੱਤੀਆਂ ਜਾਣਗੀਆਂ
ਕਬੱਡੀ 55 ਕਿਲੋ ਦੇ ਬੈਸਟ ਰੇਡਰ ਅਤੇ ਬੈਸਟ ਜਾਫੀ ਨੂੰ 5-5 ਵੱਡੇ ਕੱਪ ਦਿੱਤੇ ਜਾਣਗੇ।
ਇਨਾਮਾਂ ਦਾ ਵੇਰਵਾ | ਪਹਿਲਾ ਇਨਾਮ | ਦੂਜਾ ਇਨਾਮ | ਐਂਟਰੀ ਫੀਸ | ਮਿਤੀ
ਕਬੱਡੀ 75 ਕਿਲੋ (2 ਖਿਡਾਰੀ ਬਾਹਰੋਂ) | 31000/- | 21000/- | 500/- | 20-02-2026
ਕਬੱਡੀ 55 ਕਿਲੋ (2 ਖਿਡਾਰੀ ਬਾਹਰੋਂ) | 15000/- | 11000/- | 300/- | 20-02-2026
ਚਿਰਾਂਸ਼ੂ ਰਤਨ ਐਡਵੋਕੇਟ Supreme Court of India
ਅਜੈਬ ਸਰਪੰਚ
ਪ੍ਰਦੀਪ ਜੈਨ
ਵਿਨੋਦ ਮਿੱਤਲ
ਟੀਸ਼ੂ ਪ੍ਰਧਾਨ
ਮਹੇਸ਼ ਕੁਮਾਰ ਝੋਰੜ
ਸੁਭਾਸ਼ ਗੋਇਲ ਘੋਗਾ
ਕਰਨੈਲ ਸਿੰਘ ਔਢਾਂ
ਭੂਪ ਸਿੰਘ (S.I.)
ਨਿਰਮਲ ਸਿੰਘ ਮੱਲੜੀ
ਦਰਸ਼ਨ ਸਿੰਘ ਖਾਲਸਾ
ਕੁਲਦੀਪ ਵਰਮਾ
ਰਾਮ ਸਿੰਘ
ਪੱਪੂ ਕੋਚ
ਹਰਨੀ ਕੋਚ
ਰਾਕੇਸ਼ ਅਰੋੜਾ
ਅਮਨ ਜੈਨ, M.C.
ਪੱਪੀ ਸਿੰਘ
ਦੀਪੂ ਗਰਗ
ਜੱਸੀ ਕਿੰਗਰਾ
ਸੇਵਕ ਸਿੰਘ
ਬਚਿੱਤਰ ਸਿੰਘ
ਸੰਪਰਕ ਨੰ: 83073-50637, 77718-54978, 87085-78908

### ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਮਾਮਲੇ 'ਚ

# ਵਿਦੇਸ਼ੀ ਸਿੱਖ ਸੰਸਥਾਵਾਂ ਨੂੰ ਇਕੱਠੇ ਹੋਣ ਦੀ ਅਪੀਲ




**ਵੁਲਵਰਹੈਂਪਟਨ (ਇੰਗਲੈਂਡ)**-ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਮਸਲਾ ਇੱਕ ਵਾਰ ਫਿਰ ਸਿੱਖ ਪੰਥਕ ਅਤੇ ਰਾਜਨੀਤਿਕ ਵਰਗਾਂ ਵਿੱਚ ਚਰਚਾ ਦਾ ਕੇਂਦਰ ਬਣਦਾ ਜਾ ਰਿਹਾ ਹੈ। ਇਸ ਸਬੰਧੀ ਇੰਟਰਨੈਸ਼ਨਲ ਪੰਥਕ ਦਲ ਦੇ ਜਨਰਲ ਸਕੱਤਰ ਅਤੇ ਬੁਲਾਰੇ ਭਾਈ ਕਪਤਾਨ ਸਿੰਘ (ਯੂ.ਕੇ.) ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਮਸਲਾ ਸਿਰਫ ਕਾਨੂੰਨੀ ਹੀ ਨਹੀਂ, ਸਗੋਂ ਸਿਆਸੀ ਪੱਧਰ 'ਤੇ ਵੀ ਹੱਲ ਹੋ ਸਕਦਾ ਹੈ। ਭਾਈ ਕਪਤਾਨ ਸਿੰਘ ਨੇ ਪ੍ਰੋ. ਭੁੱਲਰ



ਦੀ ਧਰਮਪਤਨੀ ਬੀਬੀ ਨਵਨੀਤ ਕੌਰ ਦੇ ਹਾਲੀਆ ਬਿਆਨਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਪਰਿਵਾਰ ਦੀ ਆਵਾਜ਼ "ਗੰਭੀਰ ਧਿਆਨ ਦੀ ਹਕਦਾਰ ਹੈ।" ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਸਮੇਂ ਦੌਰਾਨ ਪ੍ਰੋ. ਭੁੱਲਰ ਦੀ ਜੇਲ੍ਹ ਬਦਲੀ ਪੰਜਾਬ ਵਿੱਚ ਹੋਣ ਅਤੇ ਪੈਰੋਲ ਮਿਲਣ ਦੀ ਪ੍ਰਕਿਰਿਆ ਵਿੱਚ ਇੰਟਰਨੈਸ਼ਨਲ ਪੰਥਕ ਦਲ ਦੇ ਬਾਨੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ (ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ) ਅਤੇ ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਦੇ ਪ੍ਰਧਾਨ ਭਾਈ ਰਘਵੀਰ ਸਿੰਘ ਵੱਲੋਂ ਪੰਜਾਬ ਵਿੱਚ ਲੈ ਕੇ ਜਾਏ ਗਏ ਵਫ਼ਦ ਦੀ ਮਹੱਤਵਪੂਰਨ ਭੂਮਿਕਾ ਰਹੀ। ਬਿਆਨ ਵਿੱਚ ਇਹ ਵੀ ਕਿਹਾ ਗਿਆ ਕਿ ਹੋਰ ਵੱਖ-ਵੱਖ ਪੰਥਕ ਹਸਤੀਆਂ ਅਤੇ ਵਿਦੇਸ਼ੀ ਸਿੱਖ ਨੁਮਾਇੰਦਿਆਂ ਨੇ ਵੀ ਇਸ ਦੌਰਾਨ ਯਤਨ ਕੀਤੇ ਸਨ। ਬਿਆਨ ਅਨੁਸਾਰ, ਇੰਟਰਨੈਸ਼ਨਲ ਪੰਥਕ ਦਲ ਦਾ ਮੰਨਣਾ ਹੈ ਕਿ ਜੇ ਵਿਦੇਸ਼ਾਂ ਵਿੱਚ ਵਸਦੀਆਂ ਸਿੱਖ ਜਥੇਬੰਦੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਹੋਰ ਪੰਥਕ ਸੰਸਥਾਵਾਂ ਇਕਜੁੱਟ ਹੋ ਕੇ ਸੰਵੈਧਾਨਕ ਅਤੇ ਲੋਕਤਾਂਤ੍ਰਿਕ ਢੰਗ ਨਾਲ ਪ੍ਰਤਿਨਿਧੀ ਮੰਡਲਾਂ ਰਾਹੀਂ ਸਰਕਾਰਾਂ ਤੱਕ ਆਪਣੀ ਗੱਲ ਪਹੁੰਚਾਉਣ, ਤਾਂ ਇਸ ਮਾਮਲੇ ਵਿੱਚ ਅੱਗੇ ਵਧਣ ਦੀ ਸੰਭਾਵਨਾ ਬਣ ਸਕਦੀ ਹੈ। ਰਾਜਨੀਤਿਕ ਵਿਸ਼ਲੇਸ਼ਕਾਂ ਦੇ ਮਤਾਬਕ "ਬੰਦੀ ਸਿੰਘਾਂ" ਦਾ ਮਸਲਾ ਲੰਮੇ ਸਮੇਂ ਤੋਂ ਪੰਜਾਬ ਦੀ ਸਿਆਸਤ ਨਾਲ ਜੁੜਿਆ ਰਿਹਾ ਹੈ ਅਤੇ ਚੋਣੀ ਦੌਰਾਂ ਵਿੱਚ ਇਹ ਮੁੱਦਾ ਅਕਸਰ ਚਰਚਾ ਵਿੱਚ ਆਉਂਦਾ ਰਿਹਾ ਹੈ। ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਵੀ ਇਸ ਵਿਸ਼ੇ 'ਤੇ ਰਾਜਨੀਤਿਕ ਸਰਗਰਮੀ ਵਧ ਸਕਦੀ ਹੈ, ਹਾਲਾਂਕਿ ਸਰਕਾਰ ਵੱਲੋਂ ਇਸ ਸਬੰਧੀ ਕੋਈ ਨਵਾਂ ਅਧਿਕਾਰਕ ਐਲਾਨ ਸਾਹਮਣੇ ਨਹੀਂ ਆਇਆ। ਫਿਲਹਾਲ ਪ੍ਰੋ. ਭੁੱਲਰ ਦੀ ਰਿਹਾਈ ਸਬੰਧੀ ਕਾਨੂੰਨੀ ਅਤੇ ਪ੍ਰਸ਼ਾਸਕੀ ਪ੍ਰਕਿਰਿਆ ਜਿਉਂ ਦੀ ਤਿਉਂ ਹੈ। ਪਰਿਵਾਰਕ ਮੈਂਬਰਾਂ ਅਤੇ ਸਮਰਥਕ ਵਰਗਾਂ ਵੱਲੋਂ ਮਨੁੱਖੀ ਅਧਿਕਾਰਾਂ ਅਤੇ ਸਿਹਤ ਸੰਬੰਧੀ ਪੱਖਾਂ ਨੂੰ ਧਿਆਨ ਵਿੱਚ ਰੱਖਦਿਆਂ ਹਮਦਰਦੀ ਆਧਾਰਿਤ ਫੈਸਲੇ ਦੀ ਉਮੀਦ ਜਤਾਈ ਜਾ ਰਹੀ ਹੈ।

**ਇੰਟਰਨੈਸ਼ਨਲ ਪੰਥਕ ਦਲ ਦੇ ਜਨਰਲ ਸਕੱਤਰ ਭਾਈ ਕਪਤਾਨ ਸਿੰਘ ਦਾ ਬਿਆਨ**

# ਅਕਾਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਯੂ.ਜੀ.ਸੀ ਨੈੱਟ ਪ੍ਰੀਖਿਆ ਪਾਸ ਕੀਤੀ

**ਤਲਵੰਡੀ ਸਾਬੋ, 13 ਫਰਵਰੀ (ਗੁਰਜੰਟ ਸਿੰਘ ਨਥੇਹਾ)**- ਅਕਾਲ ਯੂਨੀਵਰਸਿਟੀ ਨੇ ਇੱਕ ਵਾਰ ਫਿਰ ਅਕਾਦਮਿਕ ਖੇਤਰ ਵਿੱਚ ਆਪਣੀ ਪਛਾਣ ਨੂੰ ਮਜ਼ਬੂਤ ਕਰਦਿਆਂ ਪ੍ਰਸਿੱਧ ਯੂ.ਜੀ.ਸੀ ਨੈੱਟ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਨਤੀਜੇ ਹਾਸਲ ਕੀਤੇ ਹਨ। ਯੂਨੀਵਰਸਿਟੀ ਦੇ ਕਈ ਵਿਦਿਆਰਥੀਆਂ



ਅਤੇ ਅਲੂਮਨੀ ਵਿਦਿਆਰਥੀਆਂ ਨੇ ਇਹ ਪ੍ਰੀਖਿਆ ਪਾਸ ਕਰਕੇ ਆਪਣੇ ਅਕਾਦਮਿਕ ਭਵਿੱਖ ਲਈ ਨਵੇਂ ਰਾਹ ਖੋਲ੍ਹੇ ਹਨ। ਯੂਨੀਵਰਸਿਟੀ ਵਲੋਂ ਦਿੱਤੀ ਗਈ ਜਾਣਕਾਰੀ ਮੁਤਾਬਿਕ ਹਰਮਨਜੋਤ ਕੌਰ ਅਤੇ ਸੁਮਨਪ੍ਰੀਤ ਕੌਰ (ਵਿਭਾਗ ਅੰਗਰੇਜ਼ੀ) ਨੇ ਪੀ.ਐੱਚ.ਡੀ ਯੋਗਤਾ ਵਾਲੀ ਯੂ.ਜੀ.ਸੀ ਪ੍ਰੀਖਿਆ ਪਾਸ ਕੀਤੀ ਹੈ। ਅਰਸ਼ਦੀਪ ਕੌਰ (ਪੰਜਾਬੀ ਵਿਭਾਗ) ਨੇ ਅਸਿਸਟੈਂਟ ਪ੍ਰੋਫੈਸਰ ਯੋਗਤਾ ਵਾਲੀ ਯੂ.ਜੀ.ਸੀ ਨੈੱਟ ਪ੍ਰੀਖਿਆ ਪਾਸ ਕੀਤੀ। ਬਿਅੰਤ ਕੌਰ (ਪੰਜਾਬੀ ਵਿਭਾਗ) ਨੇ ਪੀ.ਐੱਚ.ਡੀ ਯੋਗਤਾ ਵਾਲੀ ਯੂਜੀਸੀ ਪ੍ਰੀਖਿਆ ਪਾਸ ਕੀਤੀ ਹੈ। ਰਾਜਪ੍ਰੀਤ ਕੌਰ (ਅਲੁਮਨੀ, ਵਿਭਾਗ ਪੰਜਾਬੀ) ਨੇ ਅਸਿਸਟੈਂਟ ਪ੍ਰੋਫੈਸਰ ਯੋਗਤਾ ਲਈ ਇਹ ਪ੍ਰੀਖਿਆ ਪਾਸ ਕਰਨ ਵਿਚ ਸਫਲਤਾ ਹਾਸਿਲ ਕੀਤੀ। ਮਿਸ ਅਨਮੋਲ (ਅਰਥਸ਼ਾਸਤਰ ਵਿਭਾਗ) ਨੇ ਪੀ.ਐੱਚ.ਡੀ ਯੋਗਤਾ ਵਾਲੀ ਯੂਜੀਸੀ ਪ੍ਰੀਖਿਆ ਪਾਸ ਕੀਤੀ ਹੈ। ਸੁਖਜੀਤ ਕੌਰ(ਕਾਮਰਸ ਵਿਭਾਗ) ਨੇ ਅਸਿਸਟੈਂਟ ਪ੍ਰੋਫੈਸਰ ਯੋਗਤਾ ਲਈ ਯੂਜੀਸੀ ਪ੍ਰੀਖਿਆ ਪਾਸ ਕੀਤੀ ਅਤੇ ਰਣਦੀਪ ਕੌਰ (ਕਾਮਰਸ ਵਿਭਾਗ) ਨੇ ਪੀ.ਐੱਚ.ਡੀ ਯੋਗਤਾ ਵਾਲੀ ਯੂ.ਜੀ.ਸੀ ਪ੍ਰੀਖਿਆ ਪਾਸ ਕੀਤੀ ਹੈ। ਇਸ ਤੋਂ ਇਲਾਵਾ ਅਮਨਦੀਪ ਕੌਰ (ਅਲੁਮਨੀ, ਕਾਮਰਸ ਵਿਭਾਗ) ਨੂੰ ਜੇ.ਆਰ.ਐਫ ਸਹਿਤ ਪ੍ਰੀਖਿਆ ਪਾਸ ਕਰਨ ਵਿਚ ਸਫਲਤਾ ਪ੍ਰਾਪਤ ਹੋਈ ਹੈ। ਯੂਨੀਵਰਸਿਟੀ ਪ੍ਰਬੰਧਕਾਂ ਅਤੇ ਅਧਿਆਪਕਾਂ ਨੇ ਸਾਰੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਨਤੀਜੇ ਨਾ ਕੇਵਲ ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਦਾ ਪ੍ਰਤੀਕ ਹਨ, ਸਗੋਂ ਯੂਨੀਵਰਸਿਟੀ ਦੀ ਗੁਣਵੱਤਾ-ਅਧਾਰਤ ਸਿੱਖਿਆ ਪ੍ਰਣਾਲੀ ਦੀ ਸਫਲਤਾ ਨੂੰ ਵੀ ਦਰਸਾਉਂਦੇ ਹਨ। ਉਹਨਾਂ ਕਿਹਾ ਕਿ ਯੂ.ਜੀ.ਸੀ ਨੈੱਟ ਪ੍ਰੀਖਿਆ ਯੋਗਤਾ ਵਿਦਿਆਰਥੀਆਂ ਦੇ ਅਕਾਦਮਿਕ ਕਰੀਅਰ ਦਾ ਮਹੱਤਵਪੂਰਨ ਪੜਾਅ ਹੈ, ਜੋ ਉਨ੍ਹਾਂ ਨੂੰ ਰਿਸਰਚ ਅਤੇ ਉੱਚ ਸਿੱਖਿਆ ਖੇਤਰ ਵਿੱਚ ਅਸਿਸਟੈਂਟ ਪ੍ਰੋਫੈਸਰ ਵਜੋਂ ਨਵੇਂ ਮੌਕਿਆਂ ਦੇ ਰਾਹ ਖੋਲ੍ਹਦੀ ਹੈ।

# ਗੁਰਦੁਆਰਾ ਅੰਬ ਸਾਹਿਬ ਜ਼ਮੀਨ ਮਾਮਲਾ: ਤਬਾਦਲਾ ਸਿਰਫ਼ ਪਰਦਾ ਪਾਉਣ ਦੀ ਕੋਸ਼ਿਸ਼ — ਗਿਆਨੀ ਹਰਪ੍ਰੀਤ ਸਿੰਘ

**ਅੰਮ੍ਰਿਤਸਰ/ਮੋਹਾਲੀ, 13 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਮੋਹਾਲੀ ਸਥਿਤ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਵੇਚਣ ਦੇ ਮਾਮਲੇ 'ਚ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਕਿਹਾ ਹੈ ਕਿ ਸਕੱਤਰ ਪ੍ਰਤਾਪ ਸਿੰਘ ਦਾ ਤਬਾਦਲਾ ਕਰਨਾ ਕੇਵਲ ਪਰਦਾ ਪਾਉਣ ਦੀ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਕੀਤੀ ਗਈ ਇਹ ਕਾਰਵਾਈ ਮੂਲ ਮਸਲੇ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਜਾਪਦੀ ਹੈ। "ਸਿਰਫ਼ ਤਬਾਦਲਾ ਕਰ ਦੇਣਾ ਕਾਫ਼ੀ ਨਹੀਂ। ਸੰਗਤ ਨੂੰ ਇਹ ਵੀ ਦੱਸਿਆ ਜਾਣਾ ਚਾਹੀਦਾ ਹੈ ਕਿ ਸੰਬੰਧਿਤ ਅਧਿਕਾਰੀ ਦੀ ਇਸ ਮਾਮਲੇ ਵਿੱਚ ਕੀ ਭੂਮਿਕਾ ਸੀ ਅਤੇ ਫ਼ੈਸਲਾ ਕਿਹੜੇ ਆਧਾਰ 'ਤੇ ਲਿਆ ਗਿਆ," ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ। ਉਨ੍ਹਾਂ ਮੋਹਾਲੀ ਤੋਂ ਕਮੇਟੀ ਮੈਂਬਰ ਬੀਬੀ ਪਰਮਜੀਤ ਕੌਰ ਲਾਂਡਰਾਂ ਵੱਲੋਂ ਉਠਾਏ ਗਏ ਸਵਾਲਾਂ ਨੂੰ ਵੀ ਜਾਇਜ਼ ਕਰਾਰ ਦਿੱਤਾ ਅਤੇ ਕਿਹਾ ਕਿ ਉੱਚ ਅਧਿਕਾਰੀਆਂ ਨੂੰ ਬਚਾਉਣ ਦੀ ਪ੍ਰਵਿਰਤੀ ਸੰਸਥਾ ਲਈ ਘਾਤਕ ਸਾਬਤ ਹੋ ਸਕਦੀ ਹੈ। "ਬਾਕੀ ਮੈਂਬਰਾਂ ਨੂੰ ਵੀ ਚੁੱਪੀ ਤੋੜ ਕੇ ਸੱਚ ਸਾਹਮਣੇ ਲਿਆਉਣਾ ਚਾਹੀਦਾ ਹੈ," ਉਨ੍ਹਾਂ ਜੋੜਿਆ। ਗਿਆਨੀ ਹਰਪ੍ਰੀਤ ਸਿੰਘ ਨੇ 328 ਪਾਵਨ ਸਰੂਪਾਂ ਦੇ ਮਾਮਲੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਪਿਛਲੇ ਗੰਭੀਰ ਮਾਮਲਿਆਂ ਵਿੱਚ ਵੀ ਅਧੂਰੀਆਂ ਕਾਰਵਾਈਆਂ ਕੀਤੀਆਂ ਗਈਆਂ, ਜਿਸ ਕਾਰਨ ਸੰਗਤ ਵਿੱਚ ਅਣਭਰੋਸਾ ਪੈਦਾ ਹੋਇਆ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਅਜਿਹੇ ਮਸਲਿਆਂ 'ਚ ਪਾਰਦਰਸ਼ਤਾ ਨਾ ਵਰਤੀ ਗਈ ਤਾਂ ਸਰਕਾਰੀ ਦਖ਼ਲਅੰਦਾਜ਼ੀ ਲਈ ਮੌਕਾ ਬਣ ਸਕਦਾ ਹੈ, ਜੋ ਸਿੱਖ ਸੰਸਥਾਵਾਂ ਦੀ ਖੁਦਮੁਖ਼ਤਿਆਰੀ ਲਈ ਠੀਕ ਨਹੀਂ। ਅਖੀਰ ਵਿੱਚ ਉਨ੍ਹਾਂ ਮੰਗ ਕੀਤੀ ਕਿ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਮਾਮਲੇ 'ਚ ਸੁਤੰਤਰ ਅਤੇ ਨਿਰਪੱਖ ਜਾਂਚ ਕਰਵਾ ਕੇ ਪੂਰੀ ਰਿਪੋਰਟ ਜਨਤਕ ਕੀਤੀ ਜਾਵੇ, ਤਾਂ ਜੋ ਸੰਗਤ ਦਾ ਭਰੋਸਾ ਬਰਕਰਾਰ ਰਹੇ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ।



# ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਵਧਾਉਣ ਅਤੇ ਪੇਂਡੂ ਵਿਕਾਸ ਫੰਡ ਜਾਰੀ ਕਰਨ ਦੀ ਵਿਕਰਮਜੀਤ ਸਾਹਨੀ ਨੇ ਕੀਤੀ ਮੰਗ

ਨਵੀਂ ਦਿੱਲੀ 13 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਰਾਜ ਸਭਾ ਦੇ ਸੰਸਦ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਅੱਜ ਸੰਸਦ ਵਿੱਚ ਸਰਕਾਰ ਨੂੰ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏਆਈਐਫ) ਵਿਆਜ਼-ਸਬਵੈਂਸ਼ਨ ਪ੍ਰੋਜੈਕਟ ਸੀਮਾ ?2 ਕਰੋੜ ਤੋਂ ਵਧਾ ਕੇ ?5 ਕਰੋੜ ਕਰਨ ਅਤੇ ਪੰਜਾਬ ਦੇ ਲੰਬੇ ਸਮੇਂ ਤੋਂ ਬਾਕਾਇਆ ਪੇਂਡੂ ਵਿਕਾਸ ਫੰਡ (ਆਰਡੀਐਫ) ਜਾਰੀ ਕਰਨ ਦੀ ਅਪੀਲ ਕੀਤੀ ਹੈ। ਡਾ. ਸਾਹਨੀ ਨੇ ਮੰਤਰੀ ਨੂੰ ਪੰਜਾਬ ਨੂੰ ਪੇਂਡੂ ਵਿਕਾਸ ਫੰਡ (ਆਰਡੀਐਫ) ਅਤੇ ਮਾਰਕੀਟ ਵਿਕਾਸ ਫੰਡ (ਐਮਡੀਐਫ) ਸਹਾਇਤਾ ਵਿੱਚ ਕਟੌਤੀ ਅਤੇ ਰਿਲੀਜ਼ ਨਾ ਕਰਨ ਦਾ ਮੁੱਦਾ ਉਠਾਇਆ। ਇਹ ਨੋਟ ਕਰਦਿਆਂ ਕਿ 2022 ਵਿੱਚ ਐਮ.ਐਸ.ਪੀ ਖਰੀਦ ਨਾਲ ਜੁੜੀ ਲੇਵੀ 6% ਤੋਂ ਘਟਾ ਕੇ 2% ਕਰ ਦਿੱਤੀ ਗਈ ਸੀ, ਹਾਲਾਂਕਿ ਕਿ ਪੰਜਾਬ ਸਾਲਾਨਾ ਲਗਭਗ 18 ਮਿਲੀਅਨ ਟਨ ਝੋਨਾ ਅਤੇ 12 ਮਿਲੀਅਨ ਟਨ ਕਣਕ ਦੀ ਖਰੀਦ ਕਰਦਾ ਹੈ - ਜੋ ਕਿ ਸਾਰੇ ਰਾਜਾਂ ਨਾਲੋਂ ਕਾਫੀ ਵੱਧ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਵਿੱਚ 64,724 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਅਤੇ 1,936 ਮੰਡੀਆਂ ਆਰਡੀਐਫ/ਐਮਡੀਐਫ ਸਰੋਤਾਂ 'ਤੇ ਬਹੁਤ ਜ਼ਿਆਦਾ ਨਿਰਭਰ ਹਨ ਅਤੇ ਇਸ ਮੁੱਦੇ ਨੂੰ ਹੱਲ ਕਰਨ ਲਈ ਕੇਂਦਰ-ਰਾਜ ਤਾਲਮੇਲ ਜ਼ਰੂਰੀ ਹੈ। ਡਾ. ਸਾਹਨੀ ਨੇ ਸਦਨ ਵਿੱਚ ਮੌਜੂਦ ਖਜ਼ਾਨਾ ਮੰਤਰੀ ਨੂੰ ਪੇਂਡੂ ਵਿਕਾਸ ਫੰਡ 'ਤੇ ਇਸ ਰੁਕਾਵਟ ਨੂੰ ਦੂਰ ਕਰਨ ਲਈ ਦਖਲ ਦੇਣ ਦੀ ਬੇਨਤੀ ਵੀ ਕੀਤੀ। ਡਾ. ਸਾਹਨੀ ਨੇ ਕਿਹਾ ਕਿ ਮੌਜੂਦਾ ਏ.ਆਈ.ਐਫ. ਸੀਮਾ ਆਧੁਨਿਕ ਕੋਲਡ ਸਟੋਰੇਜ ਅਤੇ ਵੇਅਰ ਹਾਊਸਿੰਗ ਬਣਾਉਣ ਲਈ ਨਾਕਾਫ਼ੀ ਹੈ ਜੋ ਨਾਬਾਰਡ ਦੁਆਰਾ ਸਾਲਾਨਾ ?1.5 ਲੱਖ ਕਰੋੜ ਦੇ ਅਨੁਮਾਨਿਤ ਵਾਢੀ ਤੋਂ ਬਾਅਦ ਦੇ ਨੁਕਸਾਨ ਨੂੰ ਰੋਕਣ ਲਈ ਲੋੜੀਂਦੀ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਇਸ ਸੁਝਾਅ ਦਾ ਸਵਾਗਤ ਕੀਤਾ ਅਤੇ ਭਰੋਸਾ ਦਿੱਤਾ ਕਿ ਬੇਨਤੀ 'ਤੇ ਵਿਚਾਰ ਕੀਤਾ ਜਾਵੇਗਾ। ਪੰਜਾਬ ਵਿੱਚ ਐਫ.ਪੀ.ਓ. ਬਾਰੇ, ਡਾ. ਸਾਹਨੀ ਨੇ ਕਿਹਾ ਕਿ ਉੱਚ ਰਜਿਸਟ੍ਰੇਸ਼ਨਾਂ ਦੇ ਬਾਵਜੂਦ, ਬਹੁਤ ਘੱਟ ਸਰਗਰਮੀ ਨਾਲ ਕਾਰਜਸ਼ੀਲ ਹਨ ਅਤੇ ਏ.ਆਈ.ਐਫ.-ਅਧਾਰੀ ਬੁਨਿਆਦੀ ਢਾਂਚੇ ਜਿਵੇਂ ਕਿ ਕੋਲਡ ਸਟੋਰ ਅਤੇ ਗਰੇਡਿੰਗ ਯੂਨਿਟਾਂ ਤੱਕ ਪਹੁੰਚ ਕਰਨ ਦੇ ਯੋਗ ਹਨ। ਉਨ੍ਹਾਂ ਨੇ ਖੇਤੀਬਾੜੀ-ਬੁਨਿਆਦੀ ਢਾਂਚਾ ਪ੍ਰੋਜੈਕਟਾਂ ਲਈ ਐਫ.ਪੀ.ਓ. ਨੂੰ ਪ੍ਰਭਾਵਸ਼ਾਲੀ ਏਜੰਸੀਆਂ ਬਣਾਉਣ ਲਈ ਮਜ਼ਬੂਤ ਹਮਾਇਤ ਅਤੇ ਸੰਸਥਾਗਤ ਸਹਾਇਤਾ ਦੀ ਮੰਗ ਕੀਤੀ।



# 40 ਮੋਟਰਸਾਈਕਲ ਚੋਰੀ ਕਰਨ ਵਾਲਾ ਪੁਲਿਸ ਦੀ ਗ੍ਰਿਫਤ 'ਚ





**ਤਲਵੰਡੀ ਸਾਬੋ, 13 ਫਰਵਰੀ (ਗੁਰਜੰਟ ਸਿੰਘ ਨਥੇਹਾ)**-ਬੇਸ਼ਕ ਪੁਲਿਸ ਪ੍ਰਸ਼ਾਸਨ ਪੂਰੀ ਤਰ੍ਹਾਂ ਚੋਰੀਆਂ ਦੇ ਮਾਮਲੇ ਵਿੱਚ ਮੁਸ਼ਤੈਦ ਹੈ ਫਿਰ ਵੀ ਚੋਰਾਂ ਦੇ ਹੌਸਲੇ ਬੁਲੰਦ ਹਨ। ਅੱਜ ਇੱਕ ਹੋਰ ਵੱਡਾ ਮਾਮਲਾ ਸਾਹਮਣੇ ਆਇਆ ਹੈ ਜਿਸ ਵਿੱਚ ਲਗਭਗ 40 ਮੋਟਰਸਾਈਕਲ ਚੋਰੀ ਕਰਨ ਵਾਲਾ ਚੋਰ ਪੁਲਸ ਨੇ ਫੜ ਲਿਆ ਹੈ। 40 ਮੋਟਰਸਾਈਕਲਾਂ ਦੇ ਵਿੱਚੋਂ 20 ਮੋਟਰਸਾਈਕਲ ਪੁਲਿਸ ਨੇ ਚੋਰ ਕੋਲੋਂ ਬਰਾਮਦ ਕਰ ਲਏ ਹਨ ਅਤੇ ਪੁੱਛ ਪੜਤਾਲ ਜਾਰੀ ਹੈ। ਅੱਜ ਪੁਲਿਸ ਨੇ ਪ੍ਰੈਸ ਕਾਨਫਰੰਸ ਕਰਕੇ ਇਸ ਚੋਰੀ ਦੇ ਮਾਮਲੇ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਮੈਡਮ ਜਯੋਤੀ ਯਾਦਵ ਆਈਪੀਐਸ ਸੀਨੀਅਰ ਕਪਤਾਨ ਪੁਲਿਸ ਬਠਿੰਡਾ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸ੍ਰੀ ਜਗਦੀਸ ਕੁਮਾਰ ਕਪਤਾਨ ਪੁਲਿਸ (ਹੈਡਕੁਆਟਰ), ਸ੍ਰੀ ਹਰਪ੍ਰੀਤ ਸਿੰਘ ਉਪ ਕਪਤਾਨ ਪੁਲਿਸ ਤਲਵੰਡੀ ਸਾਬੋ ਅਤੇ ਐਸਆਈ ਹਰਬੰਸ ਸਿੰਘ ਮੁੱਖ ਅਫਸਰ ਥਾਣਾ ਤਲਵੰਡੀ ਸਾਬੋ ਦੀ ਅਗਵਾਈ ਵਿੱਚ ਸਬ ਥਾਣੇਦਾਰ ਕੁਲਵਿੰਦਰ ਸਿੰਘ ਇੰਚਾਰਜ ਚੌਂਕੀ ਸੀਂਗੋ ਨੇ ਮੁਖਬਰੀ 'ਤੇ ਧਰਮਵੀਰ ਸਿੰਘ ਉਰਫ ਧਰਮੂ ਪੁੱਤਰ ਅਮਰੀਕ ਸਿੰਘ ਪੁੱਤਰ ਮੱਧਾ ਸਿੰਘ ਵਾਸੀ ਪਿੰਡ ਨੰਗਲਾ ਜਿਲ੍ਹਾ ਬਠਿੰਡਾ ਦੇ ਖਿਲਾਫ ਮੁਕੱਦਮਾ ਨੰਬਰ: 26 ਮਿਤੀ 07.02.2026 ਅ/ਧ 303(2), 317 (2) BNS ਥਾਣਾ ਤਲਵੰਡੀ ਸਾਬੋ ਦਰਜ ਰਜਿਸਟਰਡ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਹੈ। ਦੋਸੀ ਧਰਮਵੀਰ ਸਿੰਘ ਉਰਫ ਧਰਮੂ ਉਕਤ ਨੂੰ ਮੁਕੱਦਮਾ ਹਜਾ ਵਿੱਚ ਮਿਤੀ 07.02.2026 ਨੂੰ ਗ੍ਰਿਫਤਾਰ ਕੀਤਾ ਗਿਆ। ਦੌਰਾਨੇ ਪੁੱਛਗਿੱਛ ਦੋਸੀ ਧਰਮਵੀਰ ਸਿੰਘ ਉਰਫ ਧਰਮੂ ਉਕਤ ਨੇ ਦੱਸਿਆ ਕਿ ਉਸਨੇ ਇਹ ਮੋਟਰਸਾਈਕਲ ਡੱਡੂਮਾਜਰਾ ਚੰਡੀਗੜ੍ਹ ਦੇ ਵਿਅਕਤੀ ਨਾਲ ਰਲ ਕੇ ਚੰਡੀਗੜ੍ਹ ਅਤੇ ਹੋਰ ਵੱਖ-ਵੱਖ ਸ਼ਹਿਰਾ ਤੋਂ ਚੋਰੀ ਕੀਤੇ ਹਨ ਜਿਸ ਬਾਰੇ ਪੜਤਾਲ ਚੱਲ ਰਹੀ ਹੈ। ਦੋਸੀ ਧਰਮਵੀਰ ਸਿੰਘ ਉਰਫ ਧਰਮੂ ਉਕਤ ਪਾਸੋ ਹੁਣ ਤੱਕ ਇਸਦੇ ਕਬਜਾ ਵਿੱਚੋ 20 ਮੋਟਰਸਾਈਕਲ ਬਰਾਮਦ ਕਰਵਾਏ ਜਾ ਚੁੱਕੇ ਹਨੇ। ਦੋਸੀ ਧਰਮਵੀਰ ਸਿੰਘ ਉਰਫ ਧਰਮੂ ਪੁਲਿਸ ਰਿਮਾਂਡ ਅਤੇ ਬੰਦ ਹਵਾਲਾਤ ਥਾਣਾ ਹੈ ਜਿਸ ਪਾਸੋ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਹੋਰ ਚੋਰੀ ਕੀਤੇ ਮੋਟਰ ਸਾਈਕਲ ਬਰਾਮਦ ਹੋਣ ਦੀ ਸੰਭਾਵਨਾ ਹੈ।

### ਟਰੰਪ ਦੇ ਪੀਸ ਬੋਰਡ ਵਿੱਚ ਸ਼ਾਮਿਲ ਹੋਣ ਲਈ ਐਸਐਫਜੇ ਵਲੋਂ

# ਆਸਟਰੇਲੀਆ, ਨਿਊਜ਼ੀਲੈਂਡ, ਇੰਗਲੈਂਡ, ਇਟਲੀ ਅਤੇ ਕੈਨੇਡਾ ਵਿੱਚ ਕੱਢੇ ਗਏ ਪੀਸ ਮਾਰਚ



**ਨਵੀਂ ਦਿੱਲੀ, 13 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-** ਐਸਐਫਜੇ ਦੇ ਕੋਆਰਡੀਨੇਟਰ ਜਲਾਵਤਨੀ ਭਾਈ ਪਰਮਜੀਤ ਸਿੰਘ ਪੰਮਾ ਨੇ ਦਸਿਆ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪੀਸ ਬੋਰਡ ਵਿੱਚ ਐਸਐਫਜੇ 1 ਬਿਲੀਅਨ ਡਾਲਰ ਦਾ ਯੋਗਦਾਨ ਪਾਉਣ ਲਈ ਤਿਆਰ ਹੈ, ਜਿਸ ਵਿੱਚ ਰਾਸ਼ਟਰਪਤੀ ਟਰੰਪ ਨੂੰ ਗੱਲਬਾਤ ਕਰਨ ਅਤੇ ਭਾਰਤ ਸਰਕਾਰ ਨੂੰ ਇੱਕ ਅੰਤਰਰਾਸ਼ਟਰੀ ਸ਼ਾਂਤੀ ਢਾਂਚੇ ਦੇ ਤਹਿਤ ਭਾਰਤ ਦੇ ਕਬਜ਼ੇ ਵਾਲੇ ਪੰਜਾਬ ਵਿੱਚ ਖਾਲਿਸਤਾਨ ਜਨਮਤ ਸੰਗ੍ਰਹਿ ਦੀ ਆਗਿਆ ਦੇਣ ਲਈ ਨਿਰਦੇਸ਼ ਦੇਣ ਦਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਦਸਿਆ ਇਸ ਲਈ ਐਸਐਫਜੇ ਵਲੋਂ ਵਿਦੇਸ਼ਾਂ ਵਿਚ ਪੀਸ ਮਾਰਚ ਕਢੇ ਗਏ ਹਨ ਜਿਨ੍ਹਾਂ ਵਿਚ ਆਸਟ੍ਰੇਲੀਆ, ਯੂਕੇ, ਕੈਨੇਡਾ, ਇਟਲੀ ਅਤੇ ਨਿਊਜੀਲੈਂਡ ਤੋਂ ਭਰਵਾਂ ਹੁੰਗਾਰਾ ਮਿਲਿਆ ਹੈ ਤੇ ਐਸਐਫਜੇ ਦੇ ਸੈਕੜੇ ਵਰਕਰਾਂ ਨੇ ਆਪੋ ਆਪਣੇ ਦੇਸ਼ ਅੰਦਰ ਪੀਸ ਮਾਰਚ ਵਿਚ ਹਿੱਸਾ ਲਿਆ ਹੈ ਅਤੇ ਉਨ੍ਹਾਂ ਓਥੋਂ ਦੇ ਅਧਿਕਾਰੀ ਨੂੰ ਆਪਣਾ ਮੰਗਪਤਰ ਸੋਪਿਆ ਸੀ । ਭਾਈ ਪੰਮਾ ਨੇ ਕਿਹਾ ਸਾਡੀ ਮੁਹਿੰਮ ਸਿਰਫ਼ ਸ਼ਾਂਤੀਪੂਰਨ ਅਤੇ ਲੋਕਤੰਤਰੀ ਹੈ, ਇਹ ਨੋਟ ਕਰਦੇ ਹੋਏ ਕਿ 20 ਲੱਖ ਤੋਂ ਵੱਧ ਸਿੱਖ ਪਹਿਲਾਂ ਹੀ ਖਾਲਿਸਤਾਨ ਰੈਫਰੈਂਡਮ ਵਿੱਚ ਵਿਸ਼ਵ ਪੱਧਰ 'ਤੇ ਵੋਟ ਪਾ ਚੁੱਕੇ ਹਨ। ਪਰ ਜਦੋਂ ਵੋਟਾਂ ਦਾ ਜਵਾਬ ਗੋਲੀਆਂ ਨਾਲ ਦਿੱਤਾ ਜਾਂਦਾ ਹੈ, ਜਦੋਂ ਰਾਜਨੀਤਿਕ ਪ੍ਰਗਟਾਵੇ ਦਾ ਸਾਹਮਣਾ ਕਤਲਾਂ ਅਤੇ ਸਮੂਹਿਕ ਨਜ਼ਰਬੰਦੀਆਂ ਨਾਲ ਹੁੰਦਾ ਹੈ, ਤਾਂ ਹਿੰਸਾ ਦਾ ਖ਼ਤਰਾ ਬਹੁਤ ਨੇੜੇ ਆ ਜਾਂਦਾ ਹੈ। ਕੈਨੇਡਾ ਦੇ ਸਰੀ ਵਿਚ ਕਢੇ ਗਏ ਪੀਸ ਮਾਰਚ ਵਿਚ ਗੁਰੂ ਨਾਨਕ ਸਿੱਖ ਗੁਰਦੁਆਰਾ ਦੇ ਪ੍ਰਬੰਧਕ ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਮਨਜਿੰਦਰ ਸਿੰਘ, ਭਾਈ ਜੈਗ ਸਿੰਘ, ਭਾਈ ਰਜਿੰਦਰ ਸਿੰਘ ਨੱਤ, ਭਾਈ ਕਰਨੈਲ ਸਿੰਘ ਟੁੱਟ, ਭਾਈ ਜਰਨੈਲ ਸਿੰਘ, ਭਾਈ ਸੁਖਬੀਰ ਸਿੰਘ ਕਰਮੀਅਸ ਵਾਲੇ, ਭਾਈ ਅਜੈਪਾਲ ਸਿੰਘ ਅਤੇ ਕੈਨੇਡਾ ਦੇ ਹੀ ਓਟਾਵਾ ਵਿਖੇ ਜਲਾਵਤਨੀ ਭਾਈ ਸੰਤੋਖ ਸਿੰਘ ਖੇਲਾ ਮੌਂਟਰੀਅਲ ਵਾਲੇ, ਭਾਈ ਗੁਰਜੀਤ ਸਿੰਘ, ਭਾਈ ਸਤਨਾਮ ਸਿੰਘ, ਭਾਈ ਅਮਨਦੀਪ ਸਿੰਘ ਨੇ ਹਾਜ਼ਿਰੀ ਭਰੀ ਸੀ । ਇਸੇ ਤਰ੍ਹਾਂ ਇੰਗਲੈਂਡ ਵਿੱਚ ਜਲਾਵਤਨੀ ਭਾਈ ਪਰਮਜੀਤ ਸਿੰਘ ਪੰਮਾ, ਭਾਈ ਦੁਪਿੰਦਰਜੀਤ ਸਿੰਘ, ਭਾਈ ਜੀਤਾ ਸਿੰਘ ਨੇ ਹਾਜ਼ਿਰੀ ਭਰੀ ਸੀ ਅਤੇ ਨਿਊਜ਼ੀਲੈਂਡ ਵਿੱਚ ਭਾਈ ਰਵਿੰਦਰ ਸਿੰਘ ਜੌਹਲ ਅਤੇ ਉਨ੍ਹਾਂ ਦੇ ਸਾਥੀ ਵਡੀ ਗਿਣਤੀ ਵਿਚ ਪੀਸ ਮਾਰਚ ਵਿਚ ਸ਼ਾਮਿਲ ਹੋਏ ਸਨ । ਇਸ ਮੌਕੇ ਭਾਈ ਨਰਿੰਦਰ ਸਿੰਘ ਰੰਧਾਵਾ ਨੇ ਕਿਹਾ ਪੰਜਾਬ ਦੱਖਣੀ ਏਸ਼ੀਆ ਦਾ ਗ੍ਰੀਨਲੈਂਡ ਹੈ। ਇਸਦੀ ਭੂਗੋਲ ਅਤੇ ਰਣਨੀਤਕ ਡੂੰਘਾਈ ਇਸਨੂੰ ਖੇਤਰੀ ਅਤੇ ਵਿਸ਼ਵਵਿਆਪੀ ਸੁਰੱਖਿਆ ਲਈ ਨਿਰਣਾਇਕ ਬਣਾਉਂਦੀ ਹੈ। ਜੇਕਰ ਪੰਜਾਬ ਨੂੰ ਲੋਕਤੰਤਰੀ ਪ੍ਰਕਿਰਿਆ ਰਾਹੀਂ ਸਥਿਰ ਕੀਤਾ ਜਾਂਦਾ ਹੈ, ਤਾਂ ਦੱਖਣੀ ਏਸ਼ੀਆ ਸਥਿਰ ਹੁੰਦਾ ਹੈ। ਜੇਕਰ ਇਸਨੂੰ ਅਣਡਿੱਠਾ ਕੀਤਾ ਜਾਂਦਾ ਹੈ, ਤਾਂ ਇੱਕ ਘਾਤਕ ਟਕਰਾਅ ਦਾ ਖ਼ਤਰਾ ਵੱਧ ਜਾਂਦਾ ਹੈ।

# ਗੁਰੂ ਕਾਸ਼ੀ ਯੂਨੀਵਰਸਿਟੀ ਤੇ ਫਰਟੀਲਾਇਜ਼ਰ ਐਸੋਸੀਏਸ਼ਨ ਆਫ਼ ਇੰਡੀਆ ਵੱਲੋਂ ਖਾਦਾਂ ਬਾਰੇ ਪ੍ਰੋਗਰਾਮ ਆਯੋਜਿਤ





ਤਲਵੰਡੀ ਸਾਬੋ, 13 ਫਰਵਰੀ (ਗੁਰਜੰਟ ਸਿੰਘ ਨਥੇਹਾ)- ਖਾਦਾਂ ਦੀ ਸਹੀ ਵਰਤੋਂ, ਖੇਤੀ ਖਰਚਿਆਂ ਨੂੰ ਘੱਟ ਕਰਨ ਪ੍ਰਤੀ ਜਾਗਰੂਕਤਾ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਐਗਰੀਕਲਚਰ ਵੱਲੋਂ ਫਰਟੀਲਾਈਜ਼ਰ ਐਸੋਸੀਏਸ਼ਨ ਆਫ਼ ਇੰਡੀਆ (ਐਫ.ਏ.ਆਈ. ਉੱਤਰੀ ਖੇਤਰ) ਦੇ ਸਹਿਯੋਗ ਨਾਲ ਜਾਣਕਾਰੀ ਕਾਰਜਕ੍ਰਮ ਆਯੋਜਿਤ ਕੀਤਾ ਗਿਆ। ਇਸ ਮੌਕੇ ਵਾਇਸ ਚਾਂਸਲਰ ਪ੍ਰੋ. (ਡਾ.) ਰਾਮੇਸ਼ਵਰ ਸਿੰਘ ਤੇ ਪਰੋ ਵਾਇਸ ਚਾਂਸਲਰ ਪ੍ਰੋ. (ਡਾ.) ਜਗਤਾਰ ਸਿੰਘ ਧੀਮਾਨ ਨੇ ਸਨਮਾਨਿਤ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਡਾਇਰੈਕਟਰ ਪ੍ਰਕਾਸ਼ਣ ਐਫ.ਏ.ਆਈ. ਨਵੀਂ ਦਿੱਲੀ ਡਾ. ਡੀ.ਐਸ.ਯਾਦਵ, ਡਿਪਟੀ ਜਨਰਲ ਮਨੈਜਰ ਮਾਰਕੀਟਿੰਗ ਐਸ.ਕੇ. ਸ਼ਰਮਾ, ਯੂਨੀਵਰਸਿਟੀ ਦੇ ਨਿਰਦੇਸ਼ਕ ਸੁਰੱਖਿਆ ਦੇਸ ਰਾਜ ਕੰਬੋਜ਼, ਡੀਨ ਡਾ. ਲੋਕੇਂਦਰ ਕਸ਼ਅਪ, ਐਫ.ਏ.ਆਈ ਦੇ ਅਧਿਕਾਰੀ, ਫੈਕਲਟੀ ਮੈਂਬਰ ਅਤੇ 300 ਤੋਂ ਵੱਧ ਵਿਦਿਆਰਥੀ ਹਾਜ਼ਰ ਹੋਏ। ਸਨਮਾਨ ਸਮਾਰੋਹ ਮੌਕੇ ਵਾਈਸ ਚਾਂਸਲਰ ਡਾ. ਸਿੰਘ ਨੇ ਆਯੋਜਿਤ ਪ੍ਰੋਗਰਾਮ ਨੂੰ ਵਿਦਿਆਰਥੀਆਂ ਅਤੇ ਕਿਸਾਨਾਂ ਲਈ ਲਾਹੇਵੰਦ ਦੱਸਿਆ ਤੇ ਇਹ ਵੀ ਕਿਹਾ ਕਿ ਅਜਿਹੇ ਪ੍ਰੋਗਰਾਮ ਖੇਤੀ ਧੰਦੇ ਦੇ ਵਿਕਾਸ ਵਿੱਚ ਸਹਾਈ ਹੁੰਦੇ ਹਨ ਆਪਣੇ ਉਦਘਾਟਨੀ ਭਾਸ਼ਣ ਵਿੱਚ ਡਾ.ਧੀਮਾਨ ਨੇ ਆਯੋਜਕਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਵਿਸ਼ਵ ਭਰ ਵਿੱਚ ਜੰਨ ਸੰਖਿਆ ਦੇ ਵਾਧੇ ਕਾਰਨ ਖੇਤੀ ਉਤਪਾਦਨ ਦਾ ਵੱਧਣਾ ਜ਼ਰੂਰੀ ਹੈ। ਜਿਸ ਲਈ ਉਨ੍ਹਾਂ ਹਰੀ ਕ੍ਰਾਂਤੀ ਦੀ ਭੋਜਨ ਸੁਰੱਖਿਆ ਲਈ ਕਾਮਯਾਬੀ ਦੀ ਗੱਲ ਕੀਤੀ ਅਤੇ ਕਿਹਾ ਕਿ ਕਿਸਾਨਾਂ ਵੱਲੋਂ ਵੱਧ ਝਾੜ ਲੈਣ ਵਾਸਤੇ ਖਾਦਾਂ ਦਾ ਲੋੜ ਤੋਂ ਵੱਧ ਇਸਤੇਮਾਲ ਕੀਤਾ ਜਾ ਰਿਹਾ ਹੈ। ਨਤੀਜੇ ਵਜੋਂ ਖੇਤੀ ਖਰਚ ਵੱਧ ਜਾਂਦਾ ਹੈ, ਤੇ ਖੇਤੀ ਲਾਹੇਵੰਦ ਧੰਦਾ ਨਹੀਂ ਰਹਿੰਦੀ ਅਤੇ ਧਰਤੀ ਦੇ ਜਲ ਪ੍ਰਦੂਸ਼ਣ ਦੀ ਸਮੱਸਿਆ ਪੈਦਾ ਹੁੰਦੀ ਹੈ। ਇਸ ਲਈ ਖਾਦਾਂ ਦੀ ਉਚਿਤ ਅਤੇ ਠੀਕ ਮਾਤਰਾ ਵਿੱਚ ਉਪਯੋਗ ਵਾਸਤੇ ਇਹ ਓਰੀਐਂਟੇਸ਼ਨ ਪ੍ਰੋਗਰਾਮ ਆਯੋਜਿਤ ਕੀਤਾ ਜਾ ਰਿਹਾ ਹੈ। ਉਹਨਾਂ ਅੰਕੜਿਆਂ ਸਹਿਤ ਦੱਸਿਆ ਹੈ ਕਿ ਪੰਜਾਬ ਭਾਰਤ ਦੇ ਕੁੱਲ ਰਕਬੇ ਦਾ 1.54 ਪ੍ਰਤੀਸ਼ਤ ਹੁੰਦਿਆਂ ਹੋਇਆ ਦੇਸ਼ ਦੀਆਂ 9 ਪ੍ਰਤੀਸ਼ਤ ਖਾਦਾਂ ਦਾ ਇਸਤੇਮਾਲ ਕਰਦਾ ਹੈ। ਪੰਜਾਬ ਦੇ ਕਿਸਾਨਾਂ ਨੂੰ ਇਸ ਪ੍ਰਤੀ ਜਾਗਰੂਕ ਹੋਣਾ ਪਵੇਗਾ। ਉਨ੍ਹਾਂ ਸਰੋਤਿਆਂ ਨੂੰ ਅਨਾਜ਼ ਦੇ ਇੱਕ-ਇੱਕ ਦਾਣੇ ਦੀ ਸਾਂਭ ਸੰਭਾਲ ਪ੍ਰਤੀ ਵੀ ਜਾਗਰੂਕ ਕੀਤਾ। ਦੂਜੇ ਸ਼ੈਸ਼ਨ ਵਿੱਚ ਮੁੱਖ ਵਕਤਾ ਡਾ. ਯਾਦਵ ਨੇ ਜੀ.ਕੇ.ਯੂ. ਵੱਲੋਂ ਖੇਤੀਬਾੜੀ ਦੇ ਖੇਤਰ ਵਿੱਚ ਲੜਕੀਆਂ ਨੂੰ ਪ੍ਰੋਤਸਾਹਿਤ ਕਰਨ ਲਈ ਵਰਸਿਟੀ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਸੁਚੱਜੀ ਸੋਚ, ਸਮਰਪਣ ਅਤੇ ਅਨੁਸ਼ਾਸ਼ਨ ਵਿੱਚ ਰਹਿ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਾਡੀ ਇੱਛਾ ਸ਼ਕਤੀ ਮਜ਼ਬੂਤ ਹੋਵੇ ਤਾਂ ਦੁਨੀਆਂ ਦਾ ਕੋਈ ਵੀ ਕੰਮ ਅਜਿਹਾ ਨਹੀਂ ਜੋ ਅਸੀਂ ਨਹੀਂ ਕਰ ਸਕਦੇ। ਇਸ ਲਈ ਹਰ ਇਨਸਾਨ ਨੂੰ ਆਪਣਾ ਮਨੋਬਲ ਉੱਚਾ ਰਖਣਾ ਚਾਹੀਦਾ ਹੈ। ਉਨ੍ਹਾਂ ਖੇਤੀ ਵਿੱਚ ਖਾਦਾਂ ਦੇ ਵੱਧ ਰਹੇ ਅੰਨ੍ਹੇ ਇਸਤੇਮਾਲ ਕਾਰਨ ਹੋਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਡੀ.ਜੀ.ਐਮ. ਮਾਰਕੀਟਿੰਗ ਸ਼ਰਮਾ ਨੇ ਫਰਟੀਲਾਈਜ਼ਰ ਦੇ ਵਪਾਰ ਸੰਬੰਧੀ ਕਾਨੂੰਨੀ ਨੁਕਤਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਤੇ ਡਾ. ਪ੍ਰਿਤਪਾਲ ਸਿੰਘ ਨੇ ਫਰਟੀਲਾਈਜ਼ਰ ਦਾ ਸਹੀ ਉਪਯੋਗ ਕਰਕੇ ਖੇਤੀ ਝਾੜ ਵਧਾਉਣ ਬਾਰੇ ਗੱਲਬਾਤ ਕੀਤੀ। ਡਾਇਰੈਕਟਰ ਐਕਸਟੈਂਸ਼ਨ ਡਾ. ਜ਼ਗਦੀਸ਼ ਗਰੋਵਰ ਨੇ ਭਵਿੱਖ ਵਿੱਚ ਕਿਸਾਨਾਂ ਦੀ ਭਲਾਈ ਲਈ ਵਰਸਿਟੀ ਵੱਲੋਂ ਫਰਟੀਲਾਇਜ਼ਰ ਐਸੋਸੀਏਸ਼ਨ ਦੇ ਸਹਿਯੋਗ ਨਾਲ ਹੋਰ ਪ੍ਰੋਗਰਾਮ ਆਯੋਜਿਤ ਕਰਨ ਦੀਆਂ ਯੋਜਨਾਵਾਂ ਬਾਰੇ ਦੱਸਿਆ। ਡੀਨ ਡਾ. ਕਸ਼ਅਪ ਨੇ ਓਰੀਐਂਟੇਸ਼ਨ ਪ੍ਰੋਗਰਾਮ ਦੇ ਮੰਤਵਾਂ ਬਾਰੇ ਚਾਨਣਾ ਪਾਈਆ। ਐਫ.ਏ.ਆਈ ਵੱਲੋਂ ਪ੍ਰਸ਼ਨਕਾਲ ਦੌਰਾਨ ਵਿਦਿਆਰਥੀਆਂ ਵੱਲੋਂ ਦਿੱਤੇ ਗਏ ਸਹੀ ਜਵਾਬਾਂ ਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਐਫ.ਏ.ਆਈ ਅਧਿਕਾਰੀਆਂ ਵੱਲੋਂ ਡਾ. ਧੀਮਾਨ ਨੂੰ ਐਫ.ਏ.ਆਈ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਦਾ ਸੈਟ ਭੇਂਟ ਕੀਤਾ ਗਿਆ ਤੇ ਡਾ. ਧੀਮਾਨ ਨੇ ਵੀ ਸਵੈ ਲਿਖਤ ਕਿਤਾਬ ਅਧਿਕਾਰੀਆਂ ਨੂੰ ਭੇਂਟ ਕੀਤੀ। ਪ੍ਰੋਗਰਾਮ ਕਨਵੀਨਰ ਡਾ. ਦਿਨੇਸ਼ ਕੁਮਾਰ ਦੀ ਸਮੁੱਚੀ ਟੀਮ ਦਾ ਪ੍ਰਬੰਧਨ ਸ਼ਲਾਘਾਯੋਗ ਰਿਹਾ।

### ਅਮਿੱਟ ਯਾਦਾਂ ਛੱਡਦਾ ਹੋਇਆ

# ਚੌਥਾ ਦਮਦਮਾ ਸਾਹਿਬ ਸਾਹਿਤਕ ਮੇਲਾ ਸਫਲਤਾ ਪੂਰਵਕ ਨੇਪਰੇ ਚੜ੍ਹਿਆ

ਤਲਵੰਡੀ ਸਾਬੋ, 13 ਫਰਵਰੀ (ਗੁਰਜੰਟ ਸਿੰਘ ਨਥੇਹਾ)- ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਵਿਖੇ ਮਾਣਯੋਗ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ, ਸੋਸ਼ਲ ਸਾਇੰਸਜ਼ ਵਿਭਾਗ ਅਤੇ ਕੈਂਪਸ ਸਾਹਿਤ ਸਭਾ ਵੱਲੋਂ ਆਯੋਜਿਤ ਚੌਥੇ ਦਮਦਮਾ ਸਾਹਿਬ ਸਾਹਿਤਕ ਮੇਲੇ ਦੇ ਤੀਜੇ ਦਿਨ ਦੀ ਸ਼ੁਰੂਆਤ ਮਾਸਟਰ ਰੇਵਤੀ ਪ੍ਰਸ਼ਾਦ ਅਤੇ ਉਹਨਾਂ ਦੇ ਸਾਥੀਆਂ ਦੇ ਕਵੀਸ਼ਰੀ ਗਾਇਨ ਨਾਲ ਹੋਈ। ਮੇਲੇ ਦੇ ਕੋਆਡੀਨੇਟਰ ਡਾ. ਅਮਨਦੀਪ ਸਿੰਘ ਸੇਖੋਂ ਅਤੇ ਡਾ. ਮਨਮਿੰਦਰ ਕੌਰ ਨੇ ਅੱਜ ਦੀਆਂ ਗਤੀਵਿਧੀਆਂ ਬਾਰੇ ਜਾਣੂੰ ਕਰਵਾਇਆ। ਡਾ. ਸੰਦੀਪ ਰਾਣਾ ਮੁਖੀ ਭਾਸ਼ਾਵਾਂ ਵਿਭਾਗ ਨੇ ਆਏ ਹੋਏ ਬੁਲਾਰਿਆਂ ਦਾ ਨਿੱਘਾ ਸਵਾਗਤ ਕੀਤਾ। ਤੀਸਰੇ ਦਿਨ ਦੇ ਪਹਿਲੇ ਸੈਸ਼ਨ ਦੌਰਾਨ "ਰਿਓੜੀਆਂ ਜਾਂ ਹੱਕ- ਸਮਾਜਿਕ ਸੁਰੱਖਿਆ ਦੇ ਸੰਦਰਭ ਵਿੱਚ" ਵਿਸ਼ੇ 'ਤੇ ਮੁੱਖ ਬੁਲਾਰੇ ਵਜੋਂ ਰਿਤਿਕਾ ਖੇੜਾ ਪ੍ਰੋਫੈਸਰ, ਆਈਆਈਟੀ ਦਿੱਲੀ ਨੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਸਮਾਜਿਕ ਸੁਰੱਖਿਆ ਕੇਵਲ ਸਰਕਾਰੀ ਸਕੀਮਾਂ ਤੱਕ ਸੀਮਿਤ ਨਹੀਂ, ਸਗੋਂ ਇਹ ਮਨੁੱਖੀ ਅਧਿਕਾਰਾਂ ਨਾਲ ਜੁੜਿਆ ਇੱਕ ਮੂਲਭੂਤ ਸੰਕਲਪ ਹੈ। ਦੂਸਰੀ ਬੈਠਕ "ਸਰਗਮ ਵਿਹੂਣੇ ਸਾਜ਼-ਪੇਂਡੂ ਸਿੱਖਿਆ ਦਾ ਸੰਕਟ ਅਤੇ ਸੰਭਾਵਨਾਵਾਂ" ਸਿਰਲੇਖ ਹੇਠ ਆਯੋਜਿਤ ਕੀਤੀ ਗਈ। ਇਸ ਦੇ ਮੁੱਖ ਬੁਲਾਰੇ ਵਜੋਂ ਡਾ. ਰਮਿੰਦਰ ਸਿੰਘ ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ ਰੀਜ਼ਨਲ ਸੈਂਟਰ ਬਠਿੰਡਾ, ਡਾ. ਨੀਤੂ ਅਰੋੜਾ ਯੂਨੀਵਰਸਿਟੀ ਕਾਲਜ ਘੁੱਦਾ, ਸੈਮ ਗੁਰਵਿੰਦਰ ਸਰਕਾਰੀ ਮਿਡਲ ਸਕੂਲ ਸਾਧੂਵਾਲਾ ਅਤੇ ਕੰਵਲਜੀਤ ਸਿੰਘ ਪੰਜਾਬ ਯੂਨੀਵਰਸਿਟੀ





ਚੰਡੀਗੜ੍ਹ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਸਰਕਾਰ, ਸਮਾਜ ਅਤੇ ਅਕਾਦਮਿਕ ਸੰਸਥਾਵਾਂ ਜੇਕਰ ਮਿਲ ਕੇ ਕੰਮ ਕਰਨ ਤਾਂ ਪੇਂਡੂ ਸਿੱਖਿਆ ਵਿੱਚ ਗੁਣਾਤਮਕ ਸੁਧਾਰ ਸੰਭਵ ਹੈ। ਅੱਜ ਦੀਆਂ ਬੈਠਕਾਂ ਦੇ ਸੂਤਰਧਾਰ ਮੁਖੀ ਸੋਸ਼ਲ ਸਾਇੰਸਜ਼ ਵਿਭਾਗ ਡਾ ਬਲਦੇਵ ਸਿੰਘ ਸ਼ੇਰਗਿੱਲ ਰਹੇ। ਵਿਦਾਇਗੀ ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਵਜੋਂ ਕੈਂਪਸ ਡਾਇਰੈਕਟਰ ਪ੍ਰੋਫੈਸਰ ਅਮਨਦੀਪ ਸਿੰਘ ਸ਼ਾਮਿਲ ਹੋਏ। ਇਸ ਦੌਰਾਨ ਵਿਦਾਇਗੀ ਭਾਸ਼ਣ ਡਾ. ਸਵਰਾਜਵੀਰ ਸਿੰਘ ਸਾਬਕਾ ਐਡੀਟਰ ਪੰਜਾਬੀ ਟ੍ਰਿਬਿਊਨ ਅਤੇ ਪ੍ਰਸਿੱਧ ਸਾਹਿਤਕਾਰ ਵੱਲੋਂ ਪੇਸ਼ ਕੀਤਾ ਗਿਆ। ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਦਮਦਮਾ ਸਾਹਿਬ ਸਾਹਿਤਕ ਮੇਲਾ ਕੇਵਲ ਇੱਕ ਸਮਾਰੋਹ ਨਹੀਂ, ਸਗੋਂ ਇਹ ਵਿਚਾਰਾਂ ਦੀ ਸਾਂਝ ਅਤੇ ਸੰਵਾਦ ਦਾ ਮੰਚ ਹੈ, ਜੋ ਪੰਜਾਬੀ ਸਾਹਿਤ ਨੂੰ ਨਵਾਂ ਆਕਾਸ਼ ਦਿੰਦਾ ਹੈ। ਅੱਜ ਦੀਆਂ ਬੈਠਕਾਂ ਦਾ ਸੰਚਾਲਨ ਡਾ. ਸੁਖਦੀਪ ਕੌਰ ਅਤੇ ਡਾ. ਸੁਖਵਿੰਦਰ ਕੌਰ ਨੇ ਕੀਤਾ। ਮੇਲੇ ਦੇ ਤਿੰਨ ਦਿਨਾਂ ਦੌਰਾਨ ਹੋਈਆਂ ਸਾਹਿਤਕ ਸਰਗਰਮੀਆਂ ਦੀ ਰਿਪੋਰਟ ਡਾ. ਭਾਵਨਾ ਸ਼ਰਮਾ ਵੱਲੋਂ ਪੇਸ਼ ਕੀਤੀ ਗਈ। ਭਾਸ਼ਾਵਾਂ ਵਿਭਾਗ ਦੇ ਪ੍ਰੋਫੈਸਰ ਸੁਸ਼ੀਲ ਕੁਮਾਰ ਨੇ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਮੇਲੇ ਦੀ ਸਫਲਤਾ ਸਾਰੇ ਅਧਿਆਪਕਾਂ, ਵਿਦਿਆਰਥੀਆਂ ਅਤੇ ਸਾਹਿਤਕ ਪ੍ਰੇਮੀਆਂ ਦੀ ਸਾਂਝੀ ਮਿਹਨਤ ਦਾ ਨਤੀਜਾ ਹੈ। ਕਿਤਾਬਾਂ ਦੀਆਂ ਸਟਾਲਾਂ ਖਿੱਚ ਦਾ ਕੇਂਦਰ ਬਣੀਆਂ ਰਹੀਆਂ। ਅੰਤ ਵਿੱਚ ਕੈਂਪਸ ਦੀ ਟੀਮ ਵੱਲੋਂ ਲੋਕ-ਨਾਚ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਗਿਆ। ਇਸ ਤਰ੍ਹਾਂ ਚੌਥਾ ਦਮਦਮਾ ਸਾਹਿਬ ਸਾਹਿਤਕ ਮੇਲਾ ਪੂਰੀ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਇਆ।

ਜੱਗੀ ਜੋਹਲ, ਬੱਗਾ, ਸ਼ੇਰਾ ਅਤੇ ਹੋਰਾਂ ਨੂੰ ਸਖ਼ਤ ਸੁਰੱਖਿਆ ਹੇਠ ਅਦਾਲਤ ਅੰਦਰ ਕੀਤਾ ਗਿਆ ਪੇਸ਼

# ਜੱਗੀ ਜੋਹਲ ਦੀ 59ਵੀ ਟ੍ਰਾਇਲ ਪੇਸ਼ੀ ਅਤੇ 3024 ਦਿਨਾਂ ਤੇ ਪੁਜੀ ਮਨਮਾਨੀ ਨਜ਼ਰਸ਼ਾਨੀ



ਨਵੀਂ ਦਿੱਲੀ 13 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਦਿੱਲੀ ਦੀ ਤਿਹਾੜ ਅਤੇ ਮੰਡੋਲੀ ਜੇਲ੍ਹ ਅੰਦਰ ਬੰਦ ਭਾਈ ਜਗਤਾਰ ਸਿੰਘ ਜੱਗੀ ਜੋਹਲ, ਰਮਨਦੀਪ ਸਿੰਘ ਬੱਗਾ, ਹਰਦੀਪ ਸਿੰਘ ਸ਼ੇਰਾ, ਅਮਨਿੰਦਰ ਸਿੰਘ, ਮਨਪ੍ਰੀਤ ਸਿੰਘ ਅਤੇ ਹੋਰਾਂ ਨੂੰ ਉਨ੍ਹਾਂ ਉਪਰ ਨਾਮਜਦ ਕੀਤੇ ਗਏ 8 ਕੇਸਾਂ ਅਧੀਨ ਦਿੱਲੀ ਦੀ ਇਕ ਅਦਾਲਤ ਅੰਦਰ ਪੁਲਿਸ ਦੀ ਸਖ਼ਤ ਸੁਰੱਖਿਆ ਹੇਠ ਪੇਸ਼ ਕੀਤਾ ਗਿਆ । ਇਹ ਉਨ੍ਹਾਂ ਦੀ ਅਦਾਲਤ ਅੰਦਰ 59 ਵੀ ਟ੍ਰਾਇਲ ਪੇਸ਼ੀ ਸੀ। ਜਿਕਰਯੋਗ ਹੈ ਕਿ ਇਹ ਮਾਮਲੇ ਪੰਜਾਬ ਰਾਜ ਨਾਲ ਸੰਬੰਧਤ ਸਨ ਪਰ ਦੇਸ਼ ਦੀ ਐਨਆਈਏ ਨੇ ਆਪਣੇ ਰਸੂਖ ਵਰਤਦਿਆਂ ਵਕੀਲਾਂ ਅਤੇ ਪਰਿਵਾਰਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਇੰਨ੍ਹਾ ਨੂੰ ਦਿੱਲੀ ਤਬਦੀਲ ਕਰਵਾ ਦਿੱਤੇ ਸਨ । ਪਿਛਲੇ ਸਾਲ ਸਬੂਤਾਂ ਦੀ ਘਾਟ ਕਾਰਣ ਇਕ ਮਾਮਲੇ ਵਿਚ ਜੱਗੀ ਜੋਹਲ ਨੂੰ ਬਰੀ ਕੀਤਾ ਗਿਆ ਸੀ ਤੇ ਉੱਮੀਦ ਜਾਗੀ ਸੀ ਕਿ ਓਹ ਹੁਣ ਜਲਦ ਬਾਹਰ ਹੋਣਗੇ ਪਰ ਅੱਜ 3024 ਦਿਨਾਂ ਦੀ ਮਨਮਾਨੀ ਨਜ਼ਰਸ਼ਾਨੀ ਕਰਕੇ ਓਹ ਜੇਲ੍ਹ ਅੰਦਰ ਹੀ ਜਿੰਦਗੀ ਬਤੀਤ ਕਰ ਰਹੇ ਹਨ ।ਅਦਾਲਤ ਅੰਦਰ ਇਕ ਸਰਕਾਰੀ ਗਵਾਹ ਪੇਸ਼ ਹੋਇਆ ਸੀ ਜਿਸ ਦੀ ਕਰਾਸਿੰਗ ਲਈ ਸਿੰਘਾਂ ਵਲੋਂ ਭਾਈ ਜਸਪਾਲ ਸਿੰਘ ਮੰਝਪੁਰ ਅਤੇ ਏਕਤਾ ਵਕੀਲ ਨੇ ਪੇਸ਼ ਹੋ ਕੇ ਉਨ੍ਹਾਂ ਕੋਲੋਂ ਪੂਰੀ ਤਰ੍ਹਾਂ ਪੁੱਛਗਿੱਛ ਕੀਤੀ । ਇਥੇ ਦਸਣਯੋਗ ਹੈ ਕਿ ਯੂਕੇ ਵਿਚ ਵੱਖ ਵੱਖ ਜੱਥੇਬੰਦੀਆਂ ਅਤੇ ਸੰਸਦ ਮੈਂਬਰ ਯੂਕੇ ਸਰਕਾਰ ਕੋਲੋਂ ਜੱਗੀ ਦੀ ਰਿਹਾਈ ਲਈ ਲੋੜੀਂਦੇ ਕਦਮ ਚੁੱਕਣ ਲਈ ਲਗਾਤਾਰ ਮੰਗ ਕਰ ਰਹੇ ਹਨ ਪਰ ਯੂਕੇ ਸਰਕਾਰ ਇਸ ਮਾਮਲੇ ਵਿਚ ਨਾਕਾਯਾਬ ਸਾਬਿਤ ਹੋ ਰਹੀ ਹੈ। ਬੀਤੇ ਦਿਨੀਂ ਐਮਪੀ ਡਗਲਸ ਮੈਕਐਲਿਸਟਰ ਨੇ ਜਗਤਾਰ ਦੀ ਮਨਮਾਨੀ ਨਜ਼ਰਬੰਦੀ ਦੇ ਮਾਮਲੇ ਨੂੰ ਸੰਸਦ ਵਿਚ ਉਠਾਦਿਆਂ ਕਿਹਾ ਕਿ ਇਹ ਕਾਫ਼ੀ ਨਿਰਾਸ਼ਾਜਨਕ ਹੈ ਕਿ ਵਿਦੇਸ਼ ਸਕੱਤਰ ਕੋਲ ਜੱਗੀ ਜੋਹਲ ਦੇ ਮਾਮਲੇ ਵਿਚ ਸਵਾਲ ਦਾ ਜਵਾਬ ਦੇਣ ਲਈ ਸ਼ਿਸ਼ਟਾਚਾਰ ਨਹੀਂ ਹੈ। ਯੂਕੇ ਦੇ ਸਿੱਖ ਐਮਪੀ ਜਸ ਸਿੰਘ ਅੱਠਵਾਲ ਨੇ ਕਿਹਾ ਜਦੋਂ ਉਸਨੂੰ ਪਿਛਲੇ ਸਾਲ ਮਾਰਚ ਵਿੱਚ ਉਸਦੇ ਵਿਰੁੱਧ ਲਗਾਏ ਗਏ 8 ਦੋਸ਼ਾਂ ਵਿੱਚੋਂ 1 ਤੋਂ ਬਰੀ ਕਰ ਦਿੱਤਾ ਗਿਆ ਸੀ, ਤਾਂ ਅਸਲ ਉਮੀਦ ਸੀ ਕਿ ਨਿਆਂ ਹੋਵੇਗਾ ।ਪਰ ਇੱਕ ਸਾਲ ਬਾਅਦ, ਬਹੁਤ ਘੱਟ ਠੋਸ ਪ੍ਰਗਤੀ ਹੋਈ ਹੈ ।ਉਨ੍ਹਾਂ ਕਿਹਾ ਜੇਕਰ ਅਸੀਂ ਆਪਣੇ ਨਾਗਰਿਕਾਂ ਦਾ ਬਚਾਅ ਨਹੀਂ ਕਰ ਸਕਦੇ ਜੋ ਵਿਦੇਸ਼ਾਂ ਵਿੱਚ ਗੈਰ-ਕਾਨੂੰਨੀ ਤੌਰ 'ਤੇ ਕੈਦ ਹਨ, ਤਾਂ ਅਸੀਂ ਸਿਧਾਂਤ 'ਤੇ ਦ੍ਰਿੜ ਰਹਿਣ ਦੀ ਬਜਾਏ ਦੂਜਿਆਂ ਦੀਆਂ ਇੱਛਾਵਾਂ ਦੇ ਅਧੀਨ ਹੋਣ ਦਾ ਜੋਖਮ ਲੈਂਦੇ ਹਾਂ। ਸਿੱਖ ਫੈਡਰੇਸ਼ਨ ਯੂਕੇ ਦੇ ਭਾਈ ਅਮਰੀਕ ਸਿੰਘ ਗਿੱਲ ਅਤੇ ਭਾਈ ਦਬਿੰਦਰਜੀਤ ਸਿੰਘ ਨੇ ਇਸ ਮਾਮਲੇ ਤੇ ਪ੍ਰਤੀਕਰਮ ਦੇਂਦਿਆ ਕਿਹਾ ਕਿ ਬ੍ਰਿਟਿਸ਼ ਨਾਗਰਿਕ ਜੱਗੀ ਜੋਹਲ ਨੂੰ ਭਾਰਤ ਵਿੱਚ ਮਨਮਾਨੇ ਢੰਗ ਨਾਲ ਹਿਰਾਸਤ ਵਿੱਚ ਲਿਆ ਗਿਆ ਸੀ। ਸੰਯੁਕਤ ਰਾਸ਼ਟਰ ਦੁਆਰਾ ਉਸਦੀ ਨਜ਼ਰਬੰਦੀ ਅਤੇ ਤਸ਼ੱਦਦ ਦੇ ਦੋਸ਼ਾਂ ਬਾਰੇ ਗੰਭੀਰ ਚਿੰਤਾਵਾਂ ਦੇ ਬਾਵਜੂਦ, ਜਗਤਾਰ ਸਿੰਘ ਜੌਹਲ ਨੂੰ ਪਿਛਲੇ 8 ਸਾਲਾਂ ਤੋਂ ਵੱਧ ਸਮੇਂ ਤੋਂ ਬਿਨਾਂ ਕਿਸੇ ਨਿਰਪੱਖ ਮੁਕੱਦਮੇ ਦੇ ਹਿਰਾਸਤ ਵਿੱਚ ਰੱਖਿਆ ਗਿਆ ਹੈ। ਅਦਾਲਤ ਅੰਦਰ ਚਲ ਰਹੇ ਮਾਮਲੇਆ ਨੂੰ ਜਲਦ ਖ਼ਤਮ ਕਰਣ ਲਈ ਲਗਾਤਾਰ ਪੇਸ਼ੀਆਂ ਉਲੀਕੀਆਂ ਜਾ ਰਹੀਆਂ ਹਨ ਜਿਸ ਕਰਕੇ ਅਗਲੀ ਸੁਣਵਾਈ 16, 18 ਅਤੇ 19 ਫਰਵਰੀ ਲਈ ਮੁਕਰਰ ਕੀਤੀ ਗਈ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ

# ਖ਼ਾਲਸਾ ਵਹੀਰ ਦੀ ਤਿਆਰੀ ਨੂੰ ਲੈਕੇ ਮਾਝਾ ਜ਼ੋਨ ਦੀ ਹੰਗਾਮੀ ਮੀਟਿੰਗ



ਅੰਮ੍ਰਿਤਸਰ 13 ਫਰਵਰੀ ( ) ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਅੱਜ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਿੰਡ ਜੱਲੂਪੁਰ, ਗੁਰਦੁਆਰਾ ਬਾਬਾ ਕਾਲੇ ਮਹਿਰ ਵਿਖੇ ਖ਼ਾਲਸਾ ਵਹੀਰ ਦੀ ਤਿਆਰੀ ਨੂੰ ਲੈਕੇ ਮਾਝਾ ਜੋਨ ਦੀ ਹੰਗਾਮੀ ਮੀਟਿੰਗ ਕੀਤੀ ਗਈ, ਜਿਸ ਵਿੱਚ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਪੰਥਕ ਏਕਤਾ, ਸਮਾਜਿਕ ਜਾਗਰੂਕਤਾ ਅਤੇ ਪੰਜਾਬ ਦੇ ਹੱਕਾਂ ਦੀ ਰੱਖਿਆ ਲਈ ਖ਼ਾਲਸਾ ਵਹੀਰ ਨੂੰ ਸਮੇਂ ਦੀ ਲੋੜ ਕਰਾਰ ਦਿੱਤਾ ਗਿਆ। ਆਗੂਆਂ ਨੇ ਕਿਹਾ ਕਿ ਇਹ ਵਹੀਰ ਸਿਰਫ਼ ਧਾਰਮਿਕ ਜਾਗਰੂਕਤਾ ਹੀ ਨਹੀਂ, ਸਗੋਂ ਕੌਮਕ ਇਕੱਠ ਅਤੇ ਨੌਜਵਾਨ ਪੀੜ੍ਹੀ ਨੂੰ ਆਪਣੇ ਇਤਿਹਾਸ ਅਤੇ ਮੂਲ ਸਿਧਾਂਤਾਂ ਨਾਲ ਜੋੜਨ ਦਾ ਵੱਡਾ ਸਾਧਨ ਸਾਬਤ ਹੋਵੇਗੀ। ਇਸ ਮੌਕੇ ਬਾਪੂ ਤਰਸੇਮ ਸਿੰਘ ਜੀ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਆਗੂਆ ਵਿੱਚ ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਹਰਭਜਨ ਸਿੰਘ ਤੁੜ, ਭਾਈ ਪਰਮਜੀਤ ਸਿੰਘ ਜੌਹਲ, ਪ੍ਰਗਟ ਸਿੰਘ ਮੀਆਂਵਿੰਡ, ਸਰਬਜੀਤ ਸਿੰਘ ਖਾਨਪੁਰ, ਭਾਈ ਹਰਜੀਤ ਸਿੰਘ ਲਾਲਾਨੰਗਲ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਸੁਰਿੰਦਰਪਾਲ ਸਿੰਘ ਤਾਲਿਬਪੁਰਾ, ਭਾਈ ਦਯਾ ਸਿੰਘ ਜੀ, ਭਾਈ ਦਲਜੀਤ ਸਿੰਘ ਜਵੰਦਾ, ਭਾਈ ਜਸਕਰਨ ਸਿੰਘ ਰਿਆੜ, ਜੁਗਰਾਜ ਸਿੰਘ ਉਦੋਨੰਗਲ, ਦਲਜੀਤ ਸਿੰਘ ਮਿਆਦੀਆਂ, ਜੁਗਰਾਜ ਸਿੰਘ ਭੰਗਵਾਂ, ਜਸਕਰਨ ਸਿੰਘ ਲੋਪੋਕੇ, ਭਾਈ ਚਮਕੌਰ ਸਿੰਘ ਧੁੰਨ, ਚਰਨਜੀਤ ਸਿੰਘ ਗਾਲਿਬ, ਸੁਖਬੀਰ ਸਿੰਘ ਵਲਟੋਹਾ, ਸੁਖਬੀਰ ਸਿੰਘ ਚੀਮਾਂ, ਨਰਿੰਦਰ ਸਿੰਘ ਕਲਸੀਆਂ, ਅਮਨਦੀਪ ਸਿੰਘ ਕਲਸੀਆਂ, ਨਾਥਵਿੰਦਰ ਸਿੰਘ ਮਜੀਠਾ, ਅਮਰੀਕ ਸਿੰਘ ਬਿੱਟਾ, ਰਜਿੰਦਰ ਸਿੰਘ ਰਾਜੂ, ਜਸਬੀਰ ਸਿੰਘ ਗੋਲਡੀ ਅਤੇ ਹੋਰ ਸੈਕੜੇ ਸਰਗਰਮ ਆਗੂ ਹਾਜਰ ਸਨ। ਇਸ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਤੋਂ ਪਹੁੰਚੇ ਵਰਕਰਾ ਨੇ ਵੀ ਮੀਟਿੰਗ ਵਿੱਚ ਸ਼ਿਰਕਤ ਕਰਕੇ 25 ਫਰਵਰੀ ਨੂੰ ਕੱਢੀ ਜਾਣ ਵਾਲੀ ਖ਼ਾਲਸਾ ਵਹੀਰ ਨੂੰ ਕਾਮਯਾਬ ਬਣਾਉਣ ਦਾ ਭਰੋਸਾ ਦਿੱਤਾ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਬਾਪੂ ਤਰਸੇਮ ਸਿੰਘ ਨੇ ਅਪੀਲ ਕੀਤੀ ਕਿ ਪੰਥ ਅਤੇ ਪੰਜਾਬ ਦੀ ਚੜਦੀ ਕਲਾ ਲਈ ਸਮੂਹ ਸਿੱਖ, ਕਿਸਾਨ, ਵਿਦਿਆਰਥੀ ਜਥੇਬੰਦੀਆਂ ਅਤੇ ਸਿੱਖ ਸੰਪਰਦਾਵਾਂ ਵੱਡੀ ਗਿਣਤੀ ਵਿੱਚ ਇਸ ਖ਼ਾਲਸਾ ਵਹੀਰ ਨਾਲ ਜੁੜਨ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਕੌਮੀਂ ਏਕਤਾ ਸਭ ਤੋਂ ਵੱਡੀ ਤਾਕਤ ਹੈ ਅਤੇ ਸਾਨੂੰ ਆਪਣੇ ਸਾਂਝੇ ਮਕਸਦ ਲਈ ਇਕੱਠੇ ਹੋ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਹੋਰ ਕਿਹਾ ਕਿ ਖ਼ਾਲਸਾ ਵਹੀਰ ਰਾਹੀਂ ਗੁਰਮਤਿ ਵਿਚਾਰਧਾਰਾ, ਸੇਵਾ ਭਾਵਨਾਂ ਅਤੇ ਭਾਈਚਾਰੇ ਦਾ ਸੰਦੇਸ਼ ਘਰ-ਘਰ ਤੱਕ ਪਹੁੰਚਾਇਆ ਜਾਵੇਗਾ ।ਪਾਰਟੀ ਆਗੂਆਂ ਨੇ ਦ੍ਰਿੜਤਾ ਨਾਲ ਕਿਹਾ ਕਿ ਇਹ ਯਤਨ ਪੰਥਕ ਜਜ਼ਬੇ ਨੂੰ ਹੋਰ ਮਜ਼ਬੂਤ ਕਰੇਗਾ ਅਤੇ ਪੰਜਾਬ ਵਿੱਚ ਵੱਡੇ ਬਦਲਾਅ ਲਈ ਮਾਹੌਲ ਤਿਆਰ ਕਰੇਗਾ। ਮੀਟਿੰਗ ਦੇ ਅੰਤ ਵਿੱਚ ਸਭ ਨੇ ਇਕਜੁੱਟ ਹੋ ਕੇ ਖ਼ਾਲਸਾ ਵਹੀਰ ਨੂੰ ਇਤਿਹਾਸਕ ਬਣਾਉਣ ਦਾ ਸੰਕਲਪ ਲਿਆ ਅਤੇ ਵੱਧ ਤੋਂ ਵੱਧ ਸੰਗਤਾਂ ਤੱਕ ਇਸ ਦਾ ਸੰਦੇਸ਼ ਪਹੁੰਚਾਉਣ ਦਾ ਫੈਸਲਾ ਕੀਤਾ।



ਆਵਾਜ਼ਿ ਕੌਮ AWAZE QAUM International Newspaper & WEB TV

**ਪੰਥ ਅਤੇ ਪੰਜਾਬ ਦੀ ਚੜਦੀ ਕਲਾ ਲਈ ਸਮੂਹ ਸਿੱਖ, ਕਿਸਾਨ, ਵਿਦਿਆਰਥੀ ਜਥੇਬੰਦੀਆਂ ਅਤੇ ਸਿੱਖ ਸੰਪਰਦਾਵਾਂ ਵਹੀਰ ਵਿੱਚ ਹੋਣ ਸ਼ਾਮਿਲ : ਬਾਪੂ ਤਰਸੇਮ ਸਿੰਘ**

# ਸੁਦੇਸ਼ ਵਾਟਿਕਾ ਕਾਨਵੈਂਟ ਸਕੂਲ ਭਾਗੀਵਾਂਦਰ ਵਿੱਚ 10ਵੀਂ ਅਤੇ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਆਯੋਜਨ





ਤਲਵੰਡੀ ਸਾਬੋ, 13 ਫਰਵਰੀ (ਗੁਰਜੰਟ ਸਿੰਘ ਨਥੇਹਾ)- ਸੁਦੇਸ਼ ਵਾਟਿਕਾ ਕਾਨਵੈਂਟ ਸਕੂਲ ਭਾਗੀਵਾਂਦਰ ਵਿਖੇ ਦਸਵੀਂ ਕਲਾਸ ਦੀ ਗੁਡਲੱਕ ਅਤੇ ਬਾਰਵੀਂ ਕਲਾਸ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਦਾ ਸ਼ਾਨਦਾਰ ਅਤੇ ਯਾਦਗਾਰ ਆਯੋਜਨ ਕੀਤਾ ਗਿਆ। ਇਸ ਸਮਾਰੋਹ ਦੌਰਾਨ ਸਕੂਲ ਦੇ ਚੇਅਰਮੈਨ ਸ੍ਰੀ ਵਿਨੋਦ ਖੁਰਾਣਾ ਜੀ, ਸਕੂਲ ਪ੍ਰਧਾਨ ਸ੍ਰੀ ਲਗਨ ਖੁਰਾਣਾ, ਪ੍ਰਿੰਸੀਪਲ ਮੈਡਮ ਮੀਨੂੰ ਗਰਗ, ਸਕੂਲ ਕੋਆਰਡੀਨੇਟਰ ਮੈਡਮ ਬੇਅੰਤ ਕੌਰ ਅਤੇ ਸਮੂਹ ਅਧਿਆਪਕ ਵਰਗ ਵੱਲੋਂ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ। ਪ੍ਰੋਗਰਾਮ ਦੀ ਸ਼ੁਰੂਆਤ ਦੀਪ ਪ੍ਰਜ੍ਵਲਨ ਅਤੇ ਸਰਸਵਤੀ ਵੰਦਨਾ ਨਾਲ ਹੋਈ। ਨੌਵੀਂ ਅਤੇ ਗਿਆਰਵੀਂ ਕਲਾਸ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿੱਚ ਗਿੱਧਾ, ਭੰਗੜਾ, ਗੀਤ ਅਤੇ ਕੁੱਝ ਗੇਮਜ ਸ਼ਾਮਲ ਸਨ। ਵਿਦਿਆਰਥੀਆਂ ਨੇ ਆਪਣੇ ਅਨੁਭਵ ਸਾਂਝੇ ਕਰਦਿਆਂ ਸਕੂਲ ਨਾਲ ਬਿਤਾਏ ਸੁਹਾਵਨੇ ਪਲਾਂ ਨੂੰ ਯਾਦ ਕੀਤਾ।ਇਸ ਮੌਕੇ 'ਤੇ ਵਿਦਿਆਰਥੀਆਂ ਲਈ ਖਾਣ ਪੀਣ ਦਾ ਪ੍ਰਬੰਧ ਕੀਤਾ ਗਿਆ। ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ। ਇਸ ਵਿਸ਼ੇਸ਼ ਮੌਕੇ ਤੇ ਸਕੂਲ ਦੇ ਵਿਹੜੇ ਨੂੰ ਰੰਗ-ਬਿਰੰਗੇ ਗੁਬਾਰਿਆਂ, ਫੁੱਲਾਂ ਅਤੇ ਸੁੰਦਰ ਸਜਾਵਟ ਨਾਲ ਸਜਾਇਆ ਗਿਆ ਸੀ, ਜਿਸ ਨਾਲ ਮਾਹੌਲ ਖੁਸ਼ਗਵਾਰ ਅਤੇ ਮਨਮੋਹਕ ਦਿਖਾਈ ਦੇ ਰਿਹਾ ਸੀ। ਪ੍ਰਿੰਸੀਪਲ ਮੈਡਮ ਮੀਨੂੰ ਗਰਗ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਉੱਚੀ ਸਿੱਖਿਆ ਪ੍ਰਾਪਤ ਕਰਕੇ ਦੇਸ਼ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਨ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਕਿਹਾ ਕਿ ਜੀਵਨ ਵਿੱਚ ਅਨੁਸ਼ਾਸਨ, ਮਿਹਨਤ ਅਤੇ ਸਚਾਈ ਸਫਲਤਾ ਦੀ ਕੁੰਜੀ ਹਨ। ਸਕੂਲ ਦੇ ਅਧਿਆਪਕ ਵਰਗ ਵੱਲੋਂ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਲਈ ਉਨ੍ਹਾਂ ਨੂੰ ਆਸ਼ੀਰਵਾਦ ਅਤੇ ਸ਼ੁੱਭ ਕਾਮਨਾਵਾਂ ਦਿੱਤੀਆਂ ਗਈਆਂ। ਵਿਦਿਆਰਥੀਆਂ ਨੂੰ ਯਾਦਗਾਰੀ ਸਨਮਾਨ ਅਤੇ ਤੋਹਫ਼ੇ ਭੇਟ ਕੀਤੇ ਗਏ। ਅੰਤ ਵਿੱਚ ਸਭ ਨੇ ਇਕੱਠੇ ਹੋ ਕੇ ਸਮੂਹਿਕ ਤਸਵੀਰਾਂ ਖਿੱਚਵਾਈਆਂ ਅਤੇ ਸੋਹਣੀਆਂ ਯਾਦਾਂ ਨਾਲ ਇਕ-ਦੂਜੇ ਨੂੰ ਗਲੇ ਮਿਲ ਕੇ ਵਿਦਾਇਗੀ ਦਿੱਤੀ। ਇਹ ਵਿਦਾਇਗੀ ਸਮਾਰੋਹ ਵਿਦਿਆਰਥੀਆਂ ਦੇ ਜੀਵਨ ਦੀ ਇੱਕ ਅਭੁੱਲ ਯਾਦ ਬਣ ਗਿਆ ਜੋ ਉਨ੍ਹਾਂ ਨੂੰ ਹਮੇਸ਼ਾਂ ਸਕੂਲ ਦੀਆਂ ਮਿੱਠੀਆਂ ਯਾਦਾਂ ਨਾਲ ਜੋੜ ਕੇ ਰੱਖੇਗਾ। ਇਸ ਵਿਸ਼ੇਸ਼ ਮੌਕੇ ਤੇ ਸਕੂਲ ਦੇ ਚੇਅਰਮੈਨ ਸ੍ਰੀ ਵਿਨੋਦ ਖੁਰਾਣਾ, ਸਕੂਲ ਪ੍ਰਧਾਨ ਸ੍ਰੀ ਲਗਨ ਖੁਰਾਣਾ, ਪ੍ਰਿੰਸੀਪਲ ਮੈਡਮ ਮੀਨੂੰ ਗਰਗ ਸੀਨੀਅਰ ਸਕੂਲ ਕੋਆਰਡੀਨੇਟਰ ਮੈਡਮ ਬੇਅੰਤ ਕੌਰ ਜੂਨੀਅਰ ਕੋਆਰਡੀਨੇਟਰ ਕਿਰਨਦੀਪ ਕੌਰ, ਸੁਨੀਤਾ ਰਾਣੀ, ਪਰਮਿੰਦਰ ਕੌਰ, ਰਾਜਪ੍ਰੀਤ ਕੌਰ, ਮੇਘਾ ਗਰਗ, ਪਵਨਦੀਪ ਕੌਰ, ਡਿੰਪਲ ਬਾਂਸਲ, ਰਮਨਦੀਪ ਕੌਰ, ਕਿਰਨਦੀਪ ਕੌਰ, ਸਿੰਪਲ ਬਾਂਸਲ, ਰਣਦੀਪ ਕੌਰ, ਗੁਰਪ੍ਰੀਤ ਕੌਰ, ਜਤਿੰਦਰ ਕੌਰ, ਜਸਪ੍ਰੀਤ ਕੌਰ, ਕੁਲਵਿੰਦਰ ਕੌਰ, ਅਨੂ ਬਾਲਾ, ਕਰਮਜੀਤ ਕੌਰ, ਰਿਪਤਾ, ਸੁਖਪ੍ਰੀਤ ਕੌਰ, ਰਿੰਪੀ, ਸ਼ਾਲੂ, ਇੰਦਰਜੀਤ ਸਿੰਘ, ਅਮਰਜੀਤ ਸਿੰਘ, ਲਵਪ੍ਰੀਤ ਸਿੰਘ, ਸੰਦੀਪ ਸਿੰਘ ਅਤੇ ਸਮੂਹ ਸਟਾਫ਼ ਹਾਜ਼ਰ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

## ਜ਼ਰਾ ਸੋਚੋ



ਕੀ ਮਤਲਬੀ ਹੋਣਾ ਚਾਹੀਦਾ ? ਹਾਂ , ਕਈ ਥਾਵਾਂ ਮਤਲਬੀ ਹੋਣਾ ਚਾਹੀਦਾ ਜਿਵੇਂ ਅਪਣੇ ਸਰੀਰ ਲਈ ਅਤੇ ਦੇਸ਼ ਹਿਤਾਂ ਲਈ । ਸਰੀਰ ਨੂੰ ਚੰਗਾ ਰੱਖਣ ਲਈ ਚੰਗੀ ਖੁਰਾਕ , ਚੰਗੀ ਕਸਰਤ ਅਤੇ ਸਾਫ ਸਫਾਈ ਲਈ ਮਤਲਬੀ ਹੋਣਾ ਜਰੂਰੀ ਤੇ ਰੱਜ ਕੇ ਪੈਸੇ ਅਤੇ ਸਮਾਂ ਖਰਚੋ । ਇਸੇ ਤਰ੍ਹਾਂ ਦੇਸ਼ ਤਰੱਕੀ ਲਈ ਮਿਹਨਤ , ਕੁਰਬਾਨੀ, ਸਚਾਈ ਜਰੂਰੀ ਜੋ ਦੇਸ਼ ਹਿਤੈਸ਼ੀ ਮਤਲਬੀ ਹੀ ਕਰੇਗਾ । ਜਿੱਥੇ ਮਤਲਬੀ ਨਹੀਂ ਹੋਣਾ ਚਾਹੀਦਾ ਤੇ ਡੱਟਣਾ ਚਾਹੀਦਾ ਪਰ ਪ੍ਰੈਕਟਿਸ ਵਿੱਚ ਜੋ ਹੋ ਰਿਹਾ ਉਹ ਕੁਝ ਇਸ ਤਰ੍ਹਾਂ ਹੈ ਜਿਵੇਂ -- ਬੜਾ ਔਖਾ ਹੈ ਸੱਚ ਬੋਲਣਾ ਬਾਕੀ ਤਾਂ ਛੱਡੋ ਕੋਰਟਾਂ ਦੀ ਸੱਚੀ ਅਲੋਚਨਾ ਕਰਨ ਤੇ ਵੀ ਕੋਰਟਾਂ ਜੇਲ ਭੇਜ ਦਿੰਦੀਆਂ ਨੇ ਕਿ ਉਹਨਾਂ ਦੀ ਮਾਣਹਾਨੀ ਹੋ ਗਈ। ਧਰਮ ਕੋਲ ਤਾਂ ਦੋ ਹਥਿਆਰ ਨੇ ਕਨੂੰਨ ਰਾਹੀ 295 1 ਲਵਾ ਦਿਓ ਜੇ ਨਹੀਂ ਤਾਂ ਕਿਰਪਾਨ ਵਰਤ ਲਵੋ ।ਸਮਾਜ ਬਾਰੇ ਸੱਚ ਬੋਲੋ ਤਾਂ ਕਹਿੰਦੇ ਸਮਾਜ ਵਿਚੋਂ ਕੱਢ ਦਿਓ । ਸਰਕਾਰ ਕਹਿੰਦੀ ਤੁਸੀ ਬੰਧਵਾਂ ਮਜ਼ਦੂਰ ਹੋ ਇਸ ਕਰਕੇ ਜੋ ਹਦਾਇਤਾਂ ਉਸ ਮੁਤਾਬਕ ਕੰਮ ਕਰੋ ਪਰ ਬੋਲਣਾ ਨਹੀਂ ।ਆਪੇ ਬਣੇ ਸਿਆਣੇ ਕਹਿੰਦੇ ਜੋ ਬਣਿਆ ਉਸ ਦੀ ਨਕਲ ਕਰੋ ਨਵਾਂ ਕੁਝ ਨਹੀਂ ਕਰਨਾ। ਜਿਹਨਾਂ ਨੂੰ ਸਪੈਸ਼ਲ ਹਿੱਸੇਦਾਰੀ ਮਿਲੀ ਉਹ ਕਹਿੰਦੇ ਸਿਰਫ਼ ਮੈਨੂੰ ਹੀ ਮਿਲਦੀ ਰਹੇ ਕਿਸੇ ਹੋਰ ਨੂੰ ਨਹੀਂ । ਆਮ ਲੋਕ ਕਹਿੰਦੇ ਚਲੋ ਛੱਡੋ ਅਸੀਂ ਕੀ ਲੈਣਾ। ਜੇ ਕੋਈ ਸਖ਼ਤ ਕਦਮ ਚੁੱਕੇ ਤਾਂ ਕਹਿੰਦੇ ਨਾਸਤਿਕ ਹੈ, ਸਮਾਜ ਵਿਰੋਧੀ ਹੈ ,ਡਿਕਟੇਟਰ ਹੈ ਫਿਰ ਦੇਸ਼ /ਸਟੇਟ / ਸਮਾਜ ਕਿਵੇਂ ਬਦਲੇਗਾ ? ਖਾਓ ਧੱਕੇ ,ਮਰੋ ਪ੍ਰਦੂਸ਼ਣ ਵਿੱਚ ,ਖ਼ੂਹ ਦੇ ਡੱਡੂ। ਪੁਰਾਣੀ ਕਹਾਵਤ- ਮਾਂ ਪਿਓ ਦੀਆਂ ਗਾਲ੍ਹਾਂ, ਘਿਓ ਦੀਆਂ ਨਾਲ਼ਾਂ । ਸਮਾਜ ਦੀਆਂ ਗਾਲ੍ਹਾਂ, ਤਰੱਕੀ ਲਈ ਘਾਲਾਂ ।ਮੁਹਾਲੀ ਨੇੜੇ ਇਕ ਪਿੰਡ ਵਿੱਚ ਕਿਸੇ ਨੇ ਅਪਣੇ ਘਰ ਦੇ ਸਾਹਮਣੇ ਲਿਖ ਕੇ ਲਾਇਆ ਹੋਇਆ ਸੀ-- ਨੇਕੀ ਕਰ ਤੇ ਛਿੱਤਰ ਖਾ , ਮੈਂ ਵੀ ਖਾਏ ਤੂੰ ਵੀ ਖਾ । ਅੱਜ ਕੱਲ ਇਹ ਹੀ ਬਹੁਤ ਹੱਦ ਤੱਕ ਸਚਾਈ ਹੈ । ਇਕ ਹੋਰ ਵੱਡੀ ਸਚਾਈ ਜੋ ਆਮ ਆਦਮੀ ਪਾਰਟੀ ਕਰ ਰਹੀ-- ਕੰਮ ਨਹੀਂ ਕਰਨਾ ਪਰ ਕੰਧਾਂ ਕਾਲੀਆਂ ਜਰੂਰ ਕਰਨੀਆਂ ਇਸ਼ਤਿਹਾਰਾਂ ਨਾਲ ਤੇ ਨੇਤਾ ਲਮਕਦੇ ਦਿਖਾਈ ਦਿੰਦੇ ਖੰਬਿਆਂ ਤੇ । ਦੋਸਤੋ , ਭਾਵੇਂ ਕੋਰਟਾਂ ਵੱਲੋਂ ਸੜਕਾਂ ਕਿਨਾਰੇ ਉਵਰਹੈਡ ਡਿਸਪਲੇਅ ਬੋਰਡ ( ਇਸ਼ਤਿਹਾਰ ) ਲਾਉਣ ਦੀ ਮਨਾਹੀ ਪਰ ਸਾਰੀਆਂ ਪਾਰਟੀਆਂ ਦੇ ਛੋਟੇ ਵੱਡੇ ਨੇਤਾ / ਕੁਝ ਸਮਾਜ ਸੇਵੀ ਸੜਕਾਂ ਕਿਨਾਰੇ ਖੰਬਿਆਂ ਤੇ ਲਮਕੇ ਆਮ ਮਿਲ ਜਾਂਦੇ । ਜਿਥੇ ਨਵਾਂ ਸਾਲ , ਲੋਹੜੀ ਵਿਸਾਖੀ ਦਿਵਾਲੀ, ਗੁਰਪੁਰਬ ਜਾਂ ਨੇਤਾ ਜੇਲ ਵਿਚੋਂ ਬਾਹਰ ਆਉਣ ( ਰਿਸ਼ਵਤ , ਰੇਪ , ਕਤਲ ਕੇਸਾਂ ਵਿੱਚ ਜੇਲ੍ਹ ਗਏ ਹੁੰਦੇ) ਦੀਆਂ ਵਧਾਈਆਂ ਲਿਖ ਕੇ ਅਪਣਾ ਨਾਮ ਚਮਕਾਈ ਜਾਂਦੇ । ਵੱਡੀ ਖੁਸ਼ੀ ਕਿ ਅਸੀਂ ਇਹਨਾਂ ਨੂੰ ਹੀ ਵੋਟਾਂ ਪਾਈ ਜਾਂਦੇ ਜਿਵੇਂ ਕੁਝ ਦਿਨ ਪਹਿਲਾਂ ਇੱਕ ਪਾਰਟੀ ਦਾ ਸਭ ਤੋਂ ਵੱਡਾ ਨੇਤਾ ਕਹਿ ਰਿਹਾ ਸੀ ਜਦੋਂ ਸਾਡੀ ਸਰਕਾਰ ਸੀ ਜਲਾਲਾਬਾਦ ਵਿੱਚ ਸਾਰੇ ਮੋਟਰਸਾਇਕਲ ਬਿਨਾਂ ਨੰਬਰ ਪਲੇਟ ਤੋਂ ਭਜਾਉਣ ਦੀ ਇਜਾਜ਼ਤ ਸੀ " ,ਕਰ ਲਵੋ ਘਿਓ ਨੂੰ ਭਾਂਡਾ।

**-ਡਾ ਦਲੇਰ ਸਿੰਘ ਮੁਲਤਾਨੀ, ਸਿਵਲ ਸਰਜਨ (ਰਿਟਾ )**

**9814127296, 7717319896**

ਆਵਾਜ਼ਿ ਕੌਮ AWAZE QAUM International Newspaper & WEB TV

### ਬਾਬਾ ਨਿਹਾਲ ਦਾਸ ਜੀ ਦੀ ਯਾਦ 'ਚ ਸਾਲਾਨਾ ਸਮਾਗਮ ਦੌਰਾਨ

# ਕਬੱਡੀ ਕੱਪ ਕਰਵਾਇਆ ਗਿਆ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਸ੍ਰ: ਹਰਭਜਨ ਸਿੰਘ ਈਟੀਓ ਨੇ ਭਰੀ ਹਾਜ਼ਰੀ





**ਜੰਡਿਆਲਾ ਗੁਰੂ, 13 ਫਰਵਰੀ ( ਕੁਲਵੰਤ ਸਿੰਘ ਵਿਰਦੀ )**-ਬਾਬਾ ਨਿਹਾਲ ਦਾਸ ਜੀ ਦੀ ਪਵਿੱਤਰ ਯਾਦ ਵਿੱਚ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਗਹਿਰੀ ਮੰਡੀ ਵਿਖੇ ਸਾਲਾਨਾ ਧਾਰਮਿਕ ਅਤੇ ਸਮਾਜਿਕ ਸਮਾਗਮ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕਾਂ, ਨੌਜਵਾਨਾਂ ਅਤੇ ਖੇਡ ਪ੍ਰੇਮੀਆਂ ਨੇ ਭਾਗ ਲਿਆ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ. ਨੇ ਸ਼ਿਰਕਤ ਕੀਤੀ ਅਤੇ ਕਬੱਡੀ ਕੱਪ ਦਾ ਉਦਘਾਟਨ ਕਰਦੇ ਹੋਏ ਖਿਡਾਰੀਆਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਬਾਬਾ ਨਿਹਾਲ ਦਾਸ ਜੀ ਦੇ ਉਪਦੇਸ਼ਾਂ ਨੂੰ ਯਾਦ ਕਰਦੇ ਹੋਏ ਕਿਹਾ ਕਿ ਅਜਿਹੇ ਸਮਾਗਮ ਸਾਡੇ ਸੱਭਿਆਚਾਰ, ਰਵਾਇਤਾਂ ਅਤੇ ਭਾਈਚਾਰੇ ਨੂੰ ਮਜ਼ਬੂਤ ਕਰਦੇ ਹਨ ਸ: ਈਟੀਓ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਸਭ ਤੋਂ ਵਧੀਆ ਮਾਧਿਅਮ ਹਨ ਅਤੇ ਪੰਜਾਬ ਸਰਕਾਰ ਖੇਡਾਂ ਦੇ ਪ੍ਰੋਤਸਾਹਨ ਲਈ ਵਚਨਬੱਧ ਹੈ। ਉਨ੍ਹਾਂ ਨੇ ਕਬੱਡੀ ਸਮੇਤ ਹੋਰ ਰਵਾਇਤੀ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਪਿੰਡ ਪੱਧਰ 'ਤੇ ਹੋ ਰਹੇ ਉਪਰਾਲਿਆਂ ਦੀ ਸਰਾਹਨਾ ਕੀਤੀ ਅਤੇ ਜੇਤੂ ਟੀਮਾਂ ਨੂੰ ਇਨਾਮ ਵੀ ਵੰਡੇ।

ਕਬੱਡੀ ਕੱਪ ਦੌਰਾਨ ਵੱਖ-ਵੱਖ ਟੀਮਾਂ ਵਿਚਕਾਰ ਰੋਮਾਂਚਕ ਮੁਕਾਬਲੇ ਹੋਏ, ਜਿਨ੍ਹਾਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਪਿੰਡ ਵਾਸੀਆਂ ਵੱਲੋਂ ਮਹਿਮਾਨਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।

### ਪੰਜਾਬ ਦਾ ਮਾਣ ਵਧਾਇਆ: ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸ਼ੂਟਰਾਂ ਦਾ ਏਸ਼ੀਆਈ ਪੱਧਰ 'ਤੇ ਕਮਾਲ

# ਪ੍ਰੋ. ਕਰਮਜੀਤ ਸਿੰਘ ਦੀ ਵਿਜ਼ਨਰੀ ਲੀਡਰਸ਼ਿਪ ਨੇ ਬਣਾਏ ਚੈਂਪੀਅਨ

**ਚੌਕ ਮਹਿਤਾ, 13 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)** - ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਏਸ਼ੀਆਈ ਸ਼ੂਟਿੰਗ ਚੈਂਪੀਅਨਸ਼ਿਪ 2026 ਵਿੱਚ ਧਮਾਕੇਦਾਰ ਪ੍ਰਦਰਸ਼ਨ ਕਰਕੇ ਪੰਜਾਬ ਅਤੇ ਭਾਰਤ ਦਾ ਨਾਂ ਰੌਸ਼ਨ ਕਰ ਦਿੱਤਾ ਹੈ। ਨਵੀਂ ਦਿੱਲੀ ਦੇ ਡਾ.ਕਰਨੀ ਸਿੰਘ ਸ਼ੂਟਿੰਗ ਰੇਂਜ ਵਿੱਚ 2 ਤੋਂ 14 ਫਰਵਰੀ ਤੱਕ ਚੱਲੀ ਇਸ ਮਹੱਤਵਪੂਰਨ ਮੁਕਾਬਲੇ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖਿਡਾਰੀਆਂ ਨੇ ਵਰਲਡ ਰਿਕਾਰਡ ਸਮੇਤ ਕਈ ਸੋਨੇ-ਚਾਂਦੀ ਦੇ ਤਮਗੇ ਜਿੱਤ ਕੇ ਯੂਨੀਵਰਸਿਟੀ ਨੂੰ ਖੇਡਾਂ ਦਾ ਵੱਡਾ ਕੇਂਦਰ ਸਾਬਤ ਕਰ ਦਿੱਤਾ। ਸਭ ਤੋਂ ਵੱਡੀ ਖੁਸ਼ੀ ਵਾਲੀ ਗੱਲ ਇਹ ਰਹੀ ਕਿ ਐਸ਼ਵਰਿਆ ਪ੍ਰਤਾਪ ਸਿੰਘ ਤੋਮਰ ਨੇ 50 ਮੀਟਰ ਰਾਈਫਲ 3 ਪੋਜ਼ੀਸ਼ਨ ਈਵੈਂਟ ਵਿੱਚ 362 ਦੇ ਬਹੁਤ ਵਧੀਆ ਸਕੋਰ ਨਾਲ ਨਵਾਂ ਵਰਲਡ ਰਿਕਾਰਡ ਬਣਾਇਆ ਅਤੇ ਵਿਅਕਤੀਗਤ ਤੇ ਟੀਮ ਦੋਵੇਂ ਸੋਨੇ ਦੇ ਤਮਗੇ ਆਪਣੇ ਨਾਂ ਕੀਤੇ। ਇਸ ਤੋਂ ਇਲਾਵਾ ਹੋਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸ਼ੂਟਰਾਂ ਨੇ ਵੀ ਕਮਾਲ ਕਰ ਦਿੱਤਾ ਜਿਨਾਂ ਵਿੱਚ - ਅਦਿਰਾਇਣ ਕਰਮਾਕਰ - 50 ਮੀਟਰ ਰਾਈਫਲ ਪ੍ਰੋਨ ਵਿੱਚ ਗੋਲਡ ਤੇ ਸਿਲਵਰ




- ਅਭਿਨਵ ਸ਼ਾਅ - ਏਅਰ ਰਾਈਫਲ ਟੀਮ ਈਵੈਂਟ ਵਿੱਚ ਗੋਲਡ
- ਅਸ਼ੀ ਚੋਕਸੀ - 50 ਮੀਟਰ ਸੀ. ਪੀ. ਰਾਈਫਲ ਟੀਮ ਵਿੱਚ ਸਿਲਵਰ
- ਹਰਸ਼ ਗੁਪਤਾ - 25 ਮੀਟਰ ਸਟੈਂਡਰਡ ਪਿਸਟਲ ਵਿੱਚ ਗੋਲਡ ਤੇ ਸਿਲਵਰ ਅਤੇ - ਸਿਫਤ ਕੌਰ, ਵਿਅਕਤੀਗਤ ਅਤੇ ਟੀਮ ਗੋਲਡ ਮੈਡਲ ਸ਼ਾਮਿਲ ਹਨ।

ਇਹ ਸਫਲਤਾਵਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਵਿਸ਼ਵ ਪੱਧਰੀ ਸਹੂਲਤਾਂ, ਸ਼ਾਨਦਾਰ ਕੋਚਿੰਗ ਅਤੇ ਵਾਈਸ ਚਾਂਸਲਰ ਪ੍ਰੋ.(ਡਾ.) ਕਰਮਜੀਤ ਸਿੰਘ ਦੀ ਅਗਵਾਈ ਦਾ ਸਿੱਧਾ ਨਤੀਜਾ ਹਨ। ਪ੍ਰੋ. ਕਰਮਜੀਤ ਸਿੰਘ ਨੇ ਖੇਡਾਂ ਨੂੰ ਹੋਰ ਉੱਚਾ ਚੁੱਕਣ ਲਈ ਨਵੀਂ ਸਪੋਰਟਸ ਪਾਲਿਸੀ ਬਣਾਈ, ਯੂਨੀਅਨ ਮੰਤਰਾਲੇ ਨੂੰ ਬਿਹਤਰ ਇਨਫਰਾਸਟਰਕਚਰ ਦੇ ਪ੍ਰਸਤਾਵ ਭੇਜੇ ਅਤੇ ਖਿਡਾਰੀਆਂ ਨੂੰ ਪੂਰਾ ਸਹਿਯੋਗ ਦਿੱਤਾ। ਸ਼ੂਟਿੰਗ ਕੋਚ ਮੈਡਮ ਰਾਜਵਿੰਦਰ ਕੌਰ ਦੀ ਮਿਹਨਤ ਅਤੇ ਪ੍ਰੋਫੈਸ਼ਨਲ ਗਾਈਡੈਂਸ ਨੇ ਇਨ੍ਹਾਂ ਚੈਂਪੀਅਨਾਂ ਨੂੰ ਤਿਆਰ ਕੀਤਾ ਯੂਨੀਵਰਸਿਟੀ ਨੇ ਹੁਣ ਤੱਕ 25 ਵਾਰ ਮੌਲਾਨਾ ਅਬੁਲ ਕਲਾਮ ਆਜ਼ਾਦ ਟਰਾਫੀ ਜਿੱਤੀ ਹੈ, ਜੋ ਕਿ ਇੱਕ ਰਿਕਾਰਡ ਹੈ। ਯੂਨੀਵਰਸਿਟੀ ਵਿੱਚ ਸ਼ੂਟਿੰਗ ਰੇਂਜ, ਮਲਟੀਪਰਪਜ਼ ਇੰਡੋਰ ਜਿਮ, ਇੰਟਰਨੈਸ਼ਨਲ ਸਟੈਂਡਰਡ ਸਹੂਲਤਾਂ, ਫਿਜ਼ੀਓਥੈਰੇਪੀ ਅਤੇ ਮਾਨਸਿਕ ਕੌਂਸਲਿੰਗ ਵਰਗੀਆਂ ਵਧੀਆ ਵਿਵਸਥਾਵਾਂ ਨੇ ਖਿਡਾਰੀਆਂ ਨੂੰ ਵਿਸ਼ਵ ਪੱਧਰ 'ਤੇ ਲੜਨ ਯੋਗ ਬਣਾਇਆ ਹੈ। ਪ੍ਰੋ. ਕਰਮਜੀਤ ਸਿੰਘ ਨੇ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਜਿੱਤਾਂ ਸਿਰਫ਼ ਯੂਨੀਵਰਸਿਟੀ ਦੀ ਨਹੀਂ ਸਗੋਂ ਪੂਰੇ ਪੰਜਾਬ ਅਤੇ ਦੇਸ਼ ਦੀ ਸ਼ਾਨ ਹਨ। ਡਾਇਰੈਕਟਰ ਸਪੋਰਟਸ ਡਾ. ਕੰਵਰ ਮਨਦੀਪ ਸਿੰਘ ਨੇ ਵੀ ਵਾਈਸ ਚਾਂਸਲਰ, ਰਜਿਸਟਰਾਰ, ਡੀਨ ਅਕਾਦਮਿਕ ਮਾਮਲੇ, ਡੀਨ ਵਿਦਿਆਰਥੀ ਭਲਾਈ ਅਤੇ ਕੋਚ ਮੈਡਮ ਰਾਜਵਿੰਦਰ ਕੌਰ ਦਾ ਧੰਨਵਾਦ ਕੀਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਹੁਣ ਭਾਰਤ ਵਿੱਚ ਸ਼ੂਟਿੰਗ ਦਾ ਵੱਡਾ ਹੱਬ ਬਣ ਚੁੱਕੀ ਹੈ, ਜਿੱਥੇ ਵਿਦਿਆਰਥੀ ਵਿਦੇਸ਼ੀ ਮੈਦਾਨਾਂ 'ਤੇ ਵੀ ਝੰਡਾ ਲਹਿਰਾਉਂਦੇ ਹਨ। ਇਹ ਸਫਲਤਾਵਾਂ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹਨ ਕਿ ਮਿਹਨਤ ਅਤੇ ਸਹੀ ਅਗਵਾਈ ਨਾਲ ਕੁਝ ਵੀ ਹਾਸਲ ਕੀਤਾ ਜਾ ਸਕਦਾ ਹੈ। ਯੂਨੀਵਰਸਿਟੀ ਅੱਗੇ ਵੀ ਚੈਂਪੀਅਨ ਬਣਾਉਣ ਲਈ ਵਚਨਬੱਧ ਹੈ।

> ☛ ਨਵਾਂ ਵਰਲਡ ਰਿਕਾਰਡ ! ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਤੋਮਰ ਨੇ ਏਸ਼ੀਆਈ ਸ਼ੂਟਿੰਗ 'ਚ ਬਾਜੀ ਮਾਰੀ, ਯੂਨੀਵਰਸਿਟੀ ਬਣੀ ਸ਼ੂਟਿੰਗ ਦਾ ਵੱਡਾ ਹੱਬ
> ☛ ਸੋਨੇ-ਚਾਂਦੀ ਦੀ ਝੜੀ: ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਏਸ਼ੀਆਈ ਚੈਂਪੀਅਨਸ਼ਿਪ 'ਚ ਭਾਰਤ ਦਾ ਝੰਡਾ ਲਹਿਰਾਇਆ, ਵਾਈਸ ਚਾਂਸਲਰ ਦੀ ਮਿਹਨਤ ਰੰਗ ਲਿਆਈ

# ਰਾਜ ਪੱਧਰੀ ਮੁਕਾਬਲੇ ਦੌਰਾਨ ਮਾਡਲ ਟੀਚਿੰਗ ਕੈਟਾਗਰੀ 'ਚ ਸਮਾਜਿਕ ਸਿੱਖਿਆ ਮਾਸਟਰ ਅਨਦੀਪ ਸਿੰਘ ਚੰਦੀ ਨੇ ਪਹਿਲਾ ਸਥਾਨ ਹਾਸਲ ਕੀਤਾ




**ਜੰਡਿਆਲਾ ਗੁਰੂ, 13 ਫਰਵਰੀ ( ਕੁਲਵੰਤ ਸਿੰਘ ਵਿਰਦੀ )**-ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸ਼੍ਰੀ ਫਤਿਹਗੜ੍ਹ ਸਾਹਿਬ ਵਿਖੇ ਐਸ ਸੀ ਈ ਆਰ ਟੀ ਡਾਇਰੈਕਟਰ ਕਿਰਨ ਸ਼ਰਮਾ ਜੀ ਦੀ ਅਗਵਾਈ ਹੇਠ ਸਟੇਟ ਟੀਚਰ ਫੈਸਟ 2025-2026 ਦਾ ਆਯੋਜਨ ਕੀਤਾ ਗਿਆ। ਇਸ ਰਾਜ ਪੱਧਰੀ ਮੁਕਾਬਲੇ ਦੌਰਾਨ ਮਾਡਲ ਟੀਚਿੰਗ ਕੈਟਾਗਰੀ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਦੇ ਬਲਾਕ ਜੰਡਿਆਲਾ ਗੁਰੂ ਤੋਂ ਸਰਕਾਰੀ ਹਾਈ ਸਕੂਲ ਦੇਵੀਦਾਸਪੁਰਾ ਦੇ ਸਮਾਜਿਕ ਸਿੱਖਿਆ ਮਾਸਟਰ ਅਨਦੀਪ ਸਿੰਘ ਚੰਦੀ ਵਲੋਂ ਪੰਜਾਬ ਵਿੱਚੋਂ ਪਹਿਲਾਂ ਸਥਾਨ ਪ੍ਰਾਪਤ ਕਰਕੇ ਅੰਮ੍ਰਿਤਸਰ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਇਸ ਮਾਡਲ ਦਾ ਮੁੱਖ ਥੀਮ ਨਕਸ਼ਿਆਂ ਦੀ ਨਵੇਕਲੇ ਢੰਗ ਨਾਲ ਵਰਤੋਂ ਕਰਕੇ ਵਿਸ਼ੇ ਦੀ ਰੌਚਕਤਾ ਨੂੰ ਵਧਾਉਣਾ ਹੈ। ਇਸ ਮੌਕੇ ਜੇਤੂਆਂ ਨੂੰ ਡਾਇਰੈਕਟਰ ਕਿਰਨ ਸ਼ਰਮਾ, ਜ਼ਿਲ੍ਹਾ ਸਿੱਖਿਆ ਅਫਸਰ ਸੁਰਜੀਤ ਮਾਂਗਟ , ਵਨੀਤਾ ਕਟਾਰੀਆ ਆਦਿ ਵਲੋਂ ਇਨਾਮ ਵੰਡੇ ਗਏ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅੰਮ੍ਰਿਤਸਰ ਜ਼ਿਲ੍ਹੇ ਵਿੱਚੋ ਪਹਿਲਾਂ ਸਥਾਨ,ਬਲਾਕ ਪੱਧਰੀ ਟੀਚਰ ਫੈਸਟ ਮੁਕਾਬਲੇ ਵਿੱਚੋਂ ਵੀ ਅਨਦੀਪ ਸਿੰਘ ਵੱਲੋਂ ਪਹਿਲਾਂ ਸਥਾਨ ਪ੍ਰਾਪਤ ਕੀਤਾ ਗਿਆ ਸੀ। ਇਸ ਮੌਕੇ ਅਨਦੀਪ ਸਿੰਘ ਵਲੋਂ ਇਸ ਪ੍ਰਾਪਤੀ ਲਈ ਸ਼੍ਰੀ ਰਾਜੇਸ਼ ਕੁਮਾਰ ਸ਼ਰਮਾ ਜਿਲ੍ਹਾ ਸਿੱਖਿਆ ਅਫਸਰ, ਸ਼੍ਰੀ ਰਾਜੇਸ਼ ਖੰਨਾ ਉਪ ਜਿਲ੍ਹਾ ਸਿੱਖਿਆ ਅਫਸਰ, ਸ਼੍ਰੀਮਤੀ ਮਨਦੀਪ ਕੌਰ ਮੁੱਖ ਅਧਿਆਪਕਾ,ਸ਼੍ਰੀ ਰਾਜਨ ਲਿਬਰਾ ਜਿਲ੍ਹਾ ਰਿਸੋਰਸ ਕੋਆਰਡੀਨੇਟਰ, ਹਰਦੀਪ ਸਿੰਘ ਬੀ ਆਰ ਸੀ ਤੇ ਸਮੂਹ ਸਟਾਫ ਦਾ ਸਹਿਯੋਗ ਦੇਣ ਲਈ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਪ੍ਰਤਾਪ ਸਿੰਘ ਬਾਜਵਾ ਨੇ ਜੋ ਮੰਤਰੀ ਈਟੀਓ ਖ਼ਿਲਾਫ਼ ਭੱਦੀ ਸ਼ਬਦਾਵਲੀ ਵਰਤੀ ਹੈ ਉਸ ਦੀ ਮੁਆਫ਼ੀ ਮੰਗੇ: ਚੈਅਰਮੈਨ ਹਰਜਿੰਦਰ ਸਿੰਘ ਰੰਧਾਵਾ



**ਚੌਕ ਮਹਿਤਾ,13 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਬੀਤੇ ਦਿਨੀਂ ਕਾਂਗਰਸ ਪਾਰਟੀ ਵੱਲੋਂ ਦਾਣਾ ਮੰਡੀ ਜੰਡਿਆਲਾ ਗੁਰੂ ਵਿੱਚ ਜੋ ਰੈਲੀ ਕੀਤੀ ਗਈ ਸੀ ਉਸ ਰੈਲੀ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵਲੋਂ ਜੋ ਮੰਤਰੀ ਸ.ਹਰਭਜਨ ਸਿੰਘ ਜੀ ਈਟੀਓ ਦੇ ਪਰਿਵਾਰਿਕ ਪਿਛੋਕੜ ਅਤੇ ਉਹਨਾ ਦੇ ਕੰਮ ਕਾਰ ਬਾਰੇ ਜੋ ਭੱਦੀ ਸ਼ਬਦਾਵਲੀ ਵਰਤੀ ਗਈ ਹੈ ਉਸ ਦੀ ਪ੍ਰਤਾਪ ਸਿੰਘ ਬਾਜਵਾ ਮੁਆਫ਼ੀ ਮੰਗੇ । ਇਨਾਂ ਸਬਦਾਂ ਦਾ ਪ੍ਰਗਟਾਵਾ ਚੈਅਰਮੈਨ ਹਰਜਿੰਦਰ ਸਿੰਘ ਰੰਧਾਵਾ ਵੱਲੋਂ ਕੀਤਾ ਗਿਆ। ਅੱਗੇ ਉਨ੍ਹਾਂ ਕਿਹਾ ਕਿ ਮੈਂ ਬਾਜਵਾ ਸਾਹਬ ਨੂੰ ਕਿਸੇ ਦੇ ਵੀ ਕਾਰੋਬਾਰ ਬਾਰੇ ਇਸ ਤਰ੍ਹਾਂ ਦੇ ਸ਼ਬਦਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਕੋਈ ਵੀ ਕਾਰੋਬਾਰ ਵੱਡਾ ਛੋਟਾ ਨਹੀਂ ਹੁੰਦਾ।

ਕਿਸੇ ਵੀ ਗਰੀਬ ਜਾ ਅਮੀਰ ਘਰ ਦਾ ਮੈਂਬਰ ਇਥੇ ਚੋਣ ਲੜ ਸਕਦਾ ਹੈ ਅਤੇ ਜਨਤਾ ਕਿਸੇ ਵੀ ਬੰਦੇ ਦੇ ਹੱਕ ਵਿੱਚ ਫਤਵਾ ਦੇ ਸਕਦੀ ਹੈ ਮੈਂ ਬਾਜਵਾ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹਨਾਂ ਦੇ ਪਿਤਾ ਜੀ ਨੇ ਬੈਂਡ ਵਜਾ ਕੇ ਆਪਣੇ ਹੱਥਾਂ ਨਾਲ ਕਿਰਤ ਕਮਾਈ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਪੜਾ ਲਿਖਾ ਕੇ ਇਸ ਕਾਬਲ ਬਣਾਇਆ ਹੈ ਕਿ ਅੱਜ ਉਹ ਵਿਧਾਨ ਸਭਾ ਵਿੱਚ ਬੈਠ ਕੇ ਜੰਡਿਆਲਾ ਹਲਕੇ ਦੇ ਵਿਕਾਸ ਬਾਰੇ ਕੰਮ ਕਰ ਰਹੇ ਹਨ। ਅੱਗੇ ਉਨ੍ਹਾਂ ਕਿਹਾ ਕਿ ਮੰਤਰੀ ਈਟੀਓ ਵੱਲੋਂ ਪਿੰਡਾਂ ਦੀਆਂ ਸੜਕਾਂ,ਸਕੂਲ, ਹਸਪਤਾਲ ਅਤੇ ਹੋਰ ਖਿਡਾਰੀਆਂ ਨੂੰ ਸਟੇਡੀਅਮ, ਨੋਜਵਾਨਾਂ ਲਈ ਜਿੰਮ ਦਿੱਤੇ ਹਨ ਜੋ ਅਜੇ ਤੱਕ ਕਿਸੇ ਸਰਕਾਰ ਨੇ ਨਹੀਂ ਦਿੱਤੇ। ਈ ਟੀ ਉ ਸਾਬ ਹਲਕੇ ਪਿੰਡਾਂ ਦੇ ਵਿਕਾਸ ਲਈ ਦਿਨ ਰਾਤ ਇੱਕ ਕੀਤਾ ਹੈ। ਬਾਜਵਾ ਸਾਹਿਬ ਦੇ ਮੂੰਹ ਵਿਚੋਂ ਇਹੋ ਜਿਹੇ ਸ਼ਬਦ ਠੀਕ ਨਹੀਂ ਲਗਦੇ ਅਸੀਂ ਬਾਜਵਾ ਸਾਬ ਦੇ ਇਹਨਾਂ ਬੋਲਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ । ਅੱਗੇ ਉਨ੍ਹਾਂ ਕਿਹਾ ਕਿ ਕਾਂਗਰਸ ਦੇ ਮੰਤਰੀਆਂ ਦੇ ਮੂੰਹੋਂ ਇਸ ਤਰ੍ਹਾਂ ਦੇ ਸ਼ਬਦਾਂ ਦੀ ਵਰਤੋਂ ਹੋਣਾ ਕਾਂਗਰਸ ਦੇ ਬੁਖਲਾਹਟ ਦੀ ਨਿਸ਼ਾਨੀ ਹੈ।

# ਪ੍ਰੋ ਸ਼ਿਵਚਰਨ ਸਿੰਘ ਰੰਧਾਵਾ ਦੇ ਸਪੁੱਤਰ ਡਾ, ਬੰਦਨਜੀਤ ਸਿੰਘ ਰੰਧਾਵਾ ਦੇ ਸ਼ਗਨ ਤੇ ਮਹਾਨ ਸ਼ਖ਼ਸੀਅਤ ਨੇ ਦਿੱਤਾ ਆਸ਼ੀਰਵਾਦ



**ਚੌਕ ਮਹਿਤਾ, 13 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸ੍ਰੀ ਗੁਰੂ ਰਾਮਦਾਸ ਸੀਨੀਅਰ ਸੈਕੰਡਰੀ ਸਕੂਲ ਅੱਡਾ ਨਾਥ ਦੀ ( ਚੰਨਣਕੇ) ਦੇ ਡਾਇਰੈਕਟਰ ਪ੍ਰੋ, ਸ਼ਿਵਚਰਨ ਸਿੰਘ ਰੰਧਾਵਾ ਦੇ ਸਪੁੱਤਰ ਡਾ, ਬੰਦਨਜੀਤ ਸਿੰਘ ਰੰਧਾਵਾ ਦੇ ਸ਼ਗਨ ਤੇ ਮਹਾਨ ਸ਼ਖ਼ਸੀਅਤ ਨੇ ਦਿੱਤਾ ਆਸ਼ੀਰਵਾਦ,ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਅਸਥਾਨ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਦੇ ਮੁੱਖੀ ਸ੍ਰੀ ਮਾਨ ਸੰਤ ਬਾਬਾ ਸੱਜਣ ਸਿੰਘ ਜੀ ਵੱਲੋਂ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਕੀਤਾ ਗਿਆ। ਇਸ ਮੌਕੇ ਤੇ ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ,ਹਰਪ੍ਰੀਤ ਸਿੰਘ ਵਿੱਕੀ ਬਟਾਲਾ,( ਭੋਏਵਾਲ) ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਦੇ ਸਪੁੱਤਰ ਸਰਬਵਿੰਦਰ ਸਿੰਘ ਗਿੱਲ, ਸਾਬਕਾ ਸਰਪੰਚ ਮਾਸਟਰ ਦਵਿੰਦਰ ਸਿੰਘ ਰੰਧਾਵਾ ਨਵੇਂ ਚੰਨਣਕੇ, ਜੈਲਦਾਰ ਹਰਿਦਿਆਲ ਸਿੰਘ, ਸਾਬਕਾ ਸਰਪੰਚ ਦਵਿੰਦਰ ਸਿੰਘ ਰੰਧਾਵਾ ਨਾਥ ਦੀ ਖੂਹੀ, ਹਰਜੀਤ ਸਿੰਘ ਸਾਹਕੇ,ਡਾ, ਗੁਰਜੀਤ ਸਿੰਘ ਢਿੱਲੋਂ, ਨੰਬਰਦਾਰ ਹਰਪ੍ਰੀਤ ਸਿੰਘ ਰੰਧਾਵਾ, ਸੂਬੇਦਾਰ ਵਿਜੇ ਪ੍ਰਤਾਪ ਸਿੰਘ ਰੰਧਾਵਾ, ਪਰਮਿੰਦਰ ਸਿੰਘ ਰੰਧਾਵਾ, ਮਨਵੀਰ ਸਿੰਘ ਰੰਧਾਵਾ , ਮਾਸਟਰ ਸੁਖਪਾਲ ਸਿੰਘ ਰੰਧਾਵਾ ਆਦਿ ਆਗੂਆਂ ਨੇ ਡਾਕਟਰ ਬੰਦਨਜੀਤ ਸਿੰਘ ਰੰਧਾਵਾ ਨੂੰ ਅਸ਼ੀਰਵਾਦ ਦਿੱਤਾ।

# ਦਿਮਾਗ ਦੀ ਆਜ਼ਾਦੀ



ਮਨੁੱਖੀ ਦਿਮਾਗ ਕੁਦਰਤ ਦਾ ਸਭ ਤੋਂ ਆਜ਼ਾਦ ਅਤੇ ਰਚਨਾਤਮਕ ਅੰਗ ਹੈ ਪਰ ਇਸ ਦੀ ਅਸਾਧਾਰਣ ਸਮਰੱਥਾ ਦੇ ਬਾਵਜੂਦ ਇਹ ਅਕਸਰ ਬੌਧਿਕ ਪੱਧਰ, ਭਾਵਨਾਤਮਕ ਨਿਰਭਰਤਾ ਅਤੇ ਮਨੋਵਿਗਿਆਨਕ ਗੁਲਾਮੀ ਅੱਗੇ ਝੁਕ ਜਾਂਦਾ ਹੈ।

**ਮਾਨਸਿਕ ਆਜ਼ਾਦੀ ਦਾ ਭਰਮ**-ਭਾਵੇਂ ਮਨੁੱਖ ਅਜੋਕੇ ਸਮਾਜ਼ ਵਿੱਚ ਰਹਿੰਦੇ ਹਨ ਜੋ ਆਜ਼ਾਦੀ ਨੂੰ ਬਹੁਤ ਮਹੱਤਵ ਦਿੰਦੇ ਹਨ, ਪਰ ਦਿਮਾਗ ਅਕਸਰ ਅਦਿੱਖ ਪਾਬੰਦੀਆਂ ਹੇਠ ਕੰਮ ਕਰਦਾ ਹੈ—ਸਮਾਜਿਕ ਮਿਆਰ, ਤਿਆਗ ਦਾ ਡਰ, ਅਧਿਕਾਰ ਪੱਖਪਾਤ ਅਤੇ ਸਿਖੀਆਂ ਹੋਈਆਂ ਧਾਰਣਾਵਾਂ।

ਦਿਮਾਗ ਦੀ ਆਜ਼ਾਦੀ ਦਾ ਅਰਥ ਸਮਾਜ ਤੋਂ ਵੱਖ ਹੋ ਜਾਣਾ ਨਹੀਂ, ਸਗੋਂ ਖੁਦਮੁਖਤਿਆਰ ਸੋਚ, ਆਤਮ-ਨਿਯੰਤਰਣ ਅਤੇ ਤਰਕਸੰਗਤ ਫੈਸਲੇ ਲੈਣ ਦੀ ਸਮਰੱਥਾ ਹੈ, ਬਿਨਾਂ ਬਾਹਰੀ ਪ੍ਰਮਾਣਿਕਤਾ ਜਾਂ ਨਿਯੰਤਰਣ ਉੱਤੇ ਜ਼ਬਰਦਸਤੀ ਨਿਰਭਰ ਹੋਏ। ਆਧੁਨਿਕ ਨਿਊਰੋਸਾਇੰਸ ਅਤੇ ਮਨੋਵਿਗਿਆਨ ਦੱਸਦੇ ਹਨ ਕਿ ਇਹ ਆਜ਼ਾਦੀ ਆਪੇ-ਆਪ ਨਹੀਂ ਮਿਲਦੀ; ਇਹ ਇੱਕ ਵਿਕਸਿਤ ਕੀਤੀ ਜਾਣ ਵਾਲੀ ਨਿਊਰੋਕੋਗਨਿਟਿਵ ਅਵਸਥਾ ਹੈ।

**ਦਿਮਾਗ ਦੀ ਆਜ਼ਾਦੀ ਕੀ ਹੈ ?**

ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਦਿਮਾਗ ਦੀ ਆਜ਼ਾਦੀ ਦਾ ਅਰਥ ਹੈ:

ਫੈਸਲਾ ਲੈਣ ਵਿੱਚ ਪ੍ਰੀਫਰੰਟਲ ਕੋਰਟੈਕਸ ਦੀ ਕਾਰਗੁਜ਼ਾਰੀ ਖੁਦਮੁਖਤਿਆਰੀ।

ਭਾਵਨਾਤਮਕ (ਲਿੰਬਿਕ) ਅਤੇ ਤਰਕਸੰਗਤ (ਕੋਰਟਿਕਲ) ਪ੍ਰਣਾਲੀਆਂ ਵਿਚ ਸੰਤੁਲਿਤ ਸੰਚਾਰ।

ਜਾਣਕਾਰੀ ਨੂੰ ਆਲੋਚਨਾਤਮਕ ਢੰਗ ਨਾਲ ਪਰਖਣ ਦੀ ਸਮਰੱਥਾ।

ਡਰ-ਅਧਾਰਿਤ ਆਗਿਆਕਾਰੀ ਅਤੇ ਗਿਆਨਾਤਮਕ ਪੱਖਪਾਤ ਤੋਂ ਰੋਕ।

ਨਿਊਰੋਇਮੇਜਿੰਗ ਅਧਿਐਨਾਂ ਵਿੱਚ ਦਰਸਾਇਆ ਗਿਆ ਹੈ ਕਿ ਜਿਨ੍ਹਾਂ ਵਿਅਕਤੀਆਂ ਵਿੱਚ ਬੌਧਿਕ ਖੁਦਮੁਖਤਿਆਰੀ ਵੱਧ ਹੁੰਦੀ ਹੈ, ਉਹਨਾਂ ਵਿੱਚ ਪ੍ਰੀਫਰੰਟਲ ਅਤੇ ਲਿੰਬਿਕ ਸਿਸਟਮ ਵਿਚ ਮਜ਼ਬੂਤ ਸੰਪਰਕ ਹੁੰਦਾ ਹੈ, ਜੋ ਇੰਪਲਸ ਅਤੇ ਡਰ ਉੱਤੇ ਸਚੇਤ ਨਿਯੰਤਰਣ ਦੀ ਸਮਰੱਥਾ ਦਿੰਦਾ ਹੈ।

ਦਿਮਾਗ ਗੁਲਾਮੀ ਕਿਉਂ ਸਵੀਕਾਰ ਕਰਦਾ ਹੈ ?

ਮਨੁੱਖੀ ਦਿਮਾਗ ਸੁਰੱਖਿਆ ਅਤੇ ਸਮੂਹਕ ਸਵੀਕਾਰਤਾ ਨੂੰ ਤਰਜ਼ੀਹ ਦੇਣ ਲਈ ਵਿਕਸਿਤ ਹੋਇਆ ਹੈ। ਅਧਿਕਾਰ ਦੀ ਪਾਲਣਾ, ਸਮੂਹਿਕ ਮਿਆਰਾਂ ਨਾਲ ਮਿਲਾਪ ਅਤੇ ਨੇਤਾਵਾਂ ਦੀ ਨਕਲ ਕਰਨਾ ਪੁਰਾਤਨ ਸਮਾਜਾਂ ਵਿੱਚ ਜੀਵਨ ਬਚਾਉਣ ਲਈ ਲਾਭਕਾਰੀ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

ਐਮੀਗਡਾਲਾ, ਜੋ ਖ਼ਤਰੇ ਦੀ ਪਹਿਚਾਣ ਕਰਦਾ ਹੈ, ਸਮਾਜਿਕ ਤਿਆਗ ਜਾਂ ਸਜ਼ਾ ਦੇ ਡਰ ਸਮੇਂ ਤਰਕਸੰਗਤ ਸੋਚ ਉੱਤੇ ਹਾਵੀ ਹੋ ਜਾਂਦਾ ਹੈ।

ਡੋਪਾਮੀਨ ਅਤੇ ਬਾਹਰੀ ਪ੍ਰਮਾਣਿਕਤਾ

ਨਿਰਭਰਤਾ ਡੋਪਾਮੀਨ-ਚਲਿਤ ਇਨਾਮ ਪ੍ਰਣਾਲੀ ਰਾਹੀਂ ਮਜ਼ਬੂਤ ਹੁੰਦੀ ਹੈ। ਸ਼ਲਾਘਾ, ਮਨਜ਼ੂਰੀ, ਸੋਸ਼ਲ ਮੀਡੀਆ ਪ੍ਰਤੀਕਿਰਿਆ ਅਤੇ ਅਧਿਕਾਰਕ ਸਹਿਮਤੀ ਡੋਪਾਮੀਨ ਰਿਲੀਜ਼ ਕਰਦੇ ਹਨ। ਇਹ ਦਿਮਾਗ ਨੂੰ ਅੰਦਰੂਨੀ ਨਿਰਣੇ ਦੀ ਥਾਂ ਬਾਹਰੀ ਪ੍ਰਮਾਣਿਕਤਾ ਲੱਭਣ ਲਈ ਤਿਆਰ ਕਰਦਾ ਹੈ। ਸਮੇਂ ਦੇ ਨਾਲ ਇਹ ਮਨਜ਼ੂਰੀ ਦੀ ਨਿਊਰੋਕੈਮਿਕਲ ਲਤ ਬਣ ਸਕਦੀ ਹੈ।

ਡਰ ਦੀ ਸਿਖਲਾਈ

ਲਗਾਤਾਰ ਦਬਾਅ, ਦਹਿਸ਼ਤ ਜਾਂ ਅਧਿਕਾਰਕ ਵਾਤਾਵਰਣ ਸਿੱਖਣ ਦੇ ਤਜ਼ਰਬੇ ਦੇ ਬਾਵਜੂਦ ਨਾਕਾਮੀ ਪੈਦਾ ਕਰ ਸਕਦੇ ਹਨ। ਇਸ ਅਵਸਥਾ ਵਿੱਚ ਦਿਮਾਗ ਮਿਹਨਤ-ਭਰੀ ਸੋਚ ਘਟਾ ਦਿੰਦਾ ਹੈ ਕਿਉਂਕਿ ਉਹ ਮੰਨ ਲੈਂਦਾ ਹੈ ਕਿ ਨਤੀਜ਼ੇ ਉਸਦੇ ਨਿਯੰਤਰਣ ਤੋਂ ਬਾਹਰ ਹਨ। ਇਸ ਤਰ੍ਹਾਂ ਖੁਦਮੁਖਤਿਆਰੀ ਘੱਟ ਜਾਂਦੀ ਹੈ।

ਕੀ ਦਿਮਾਗ ਦੀ ਆਜ਼ਾਦੀ ਰੱਬ ਦੀ ਦੇਣ ਹੈ ਜਾਂ ਸਿਖਾਈ ਜਾ ਸਕਦੀ ਹੈ ?

ਜੀਨਾਤਮਕ ਪ੍ਰਭਾਵ

ਜਾਨਣ ਦੀ ਤਾਂਘ ਅਤੇ ਬੌਧਿਕ ਖੁੱਲਾਪਣ ਵਰਗੇ ਗੁਣ ਅੰਸ਼ਿਕ ਤੌਰ 'ਤੇ ਵਿਰਾਸਤੀ ਹੁੰਦੇ ਹਨ। ਡੋਪਾਮੀਨ ਅਤੇ ਸੈਰੋਟੋਨਿਨ ਨਾਲ ਸੰਬੰਧਤ ਜੀਨ ਵੀ ਪ੍ਰਭਾਵ ਪਾ ਸਕਦੇ ਹਨ।

ਨਿਊਰੋਪਲਾਸਟਿਸਿਟੀ ਅਤੇ ਸਿਖਲਾਈ

ਪਰ ਨਿਊਰੋਸਾਇੰਸ ਦੱਸਦਾ ਹੈ ਕਿ ਦਿਮਾਗ ਦੀ ਆਜ਼ਾਦੀ ਵੱਡੇ ਹੱਦ ਤੱਕ ਸਿਖਾਈ ਜਾ ਸਕਦੀ ਹੈ। ਨਿਊਰੋਪਲਾਸਟਿਸਿਟੀ—ਦਿਮਾਗ ਦੀ ਆਪਣੇ ਆਪ ਨੂੰ ਦੁਬਾਰਾ ਸੰਰਚਿਤ ਕਰਨ ਦੀ ਸਮਰੱਥਾ—ਹਰ ਉਮਰ ਵਿੱਚ ਨਵੇਂ ਸੋਚ ਪੈਟਰਨ ਬਣਾਉਣ ਦੀ ਆਗਿਆ ਦਿੰਦੀ ਹੈ। ਸਿੱਖਿਆ, ਵਾਤਾਵਰਣ ਅਤੇ ਸਚੇਤ ਅਭਿਆਸ ਜੀਨਾਂ ਨਾਲੋਂ ਵੱਧ ਪ੍ਰਭਾਵਸ਼ਾਲੀ ਹਨ।

ਇਸ ਲਈ ਆਜ਼ਾਦੀ ਇੱਕ ਕੁਦਰਤੀ ਵਰ ਨਹੀਂ, ਸਗੋਂ ਵਿਕਸਿਤ ਕੀਤੀ ਜਾਣ ਵਾਲੀ ਸਮਰੱਥਾ ਹੈ।

ਦਿਮਾਗ ਨੂੰ ਆਜ਼ਾਦ ਬਣਾਉਣ ਦੀ ਤਕਨੀਕ

ਪ੍ਰੀਫਰੰਟਲ ਕੋਰਟੈਕਸ ਮਜ਼ਬੂਤ ਕਰਨਾ, ਆਲੋਚਨਾਤਮਕ ਪਾਠਨ ਅਤੇ ਵਿਸ਼ਲੇਸ਼ਣਾਤਮਕ ਲਿਖਤ, ਅਨਿਸ਼ਚਿਤਤਾ ਵਿੱਚ ਫੈਸਲੇ ਲੈਣਾ, ਦੇਰੀ ਨਾਲ ਸੰਤੁਸ਼ਟੀ ਅਭਿਆਸ, ਨੈਤਿਕ ਚਿੰਤਨ ਅਤੇ ਆਤਮ-ਮੰਥਨ, ਇਹ ਅਭਿਆਸ ਕਾਰਜਕਾਰੀ ਨਿਯੰਤਰਣ ਵਧਾਉਂਦੇ ਹਨ।

ਭਾਵਨਾਤਮਕ ਹਾਈਜੈਕਿੰਗ ਘਟਾਉਣਾ

ਕੌਗਨਿਟਿਵ ਤਕਨੀਕਾਂ ਭਾਵਨਾਵਾਂ ਉੱਤੇ ਨਿਯੰਤਰਣ ਸਿਖਾਉਂਦੀਆਂ ਹਨ, ਜਿਸ ਨਾਲ ਬਾਹਰੀ ਰਾਏ ਉੱਤੇ ਨਿਰਭਰਤਾ ਘਟਦੀ ਹੈ।

ਅਸੁਵਿਧਾ ਨਾਲ ਸਚੇਤ ਸਾਮਨਾ

ਸਮਾਜਿਕ ਅਸਹਿਮਤੀ, ਅਸਫਲਤਾ ਅਤੇ ਇਕਾਂਤ ਨਾਲ ਹੌਲੀ-ਹੌਲੀ ਸਾਮਨਾ ਕਰਨ ਨਾਲ ਦਿਮਾਗ ਨੂੰ ਬਿਨਾਂ ਲਗਾਤਾਰ ਪ੍ਰਮਾਣਿਕਤਾ ਦੇ ਜੀਉਣਾ ਸਿਖਾਇਆ ਜਾ ਸਕਦਾ ਹੈ।

ਧਿਆਨ ਅਤੇ ਗੁਲਾਮੀ ਵਾਲੇ ਵਿਚਾਰਾਂ ਤੋਂ ਮੁਕਤੀ

ਧਿਆਨ ਦੇ ਨਿਊਰੋਫਿਜ਼ੀਓਲੋਜਿਕ ਪ੍ਰਭਾਵ।

ਫੰਕਸ਼ਨਲ ਐਮਆਰਆਈ ਅਧਿਐਨਾਂ ਦੱਸਦੇ ਹਨ ਕਿ ਧਿਆਨ:

ਐਮੀਗਡਾਲਾ ਦੀ ਅਤਿ-ਸਕ੍ਰਿਆਸ਼ੀਲਤਾ ਘਟਾਉਂਦਾ ਹੈ।

ਪ੍ਰੀਫਰੰਟਲ ਕੋਰਟੈਕਸ ਦੀ ਮੋਟਾਈ ਵਧਾਉਂਦਾ ਹੈ।

ਡਿਫਾਲਟ ਮੋਡ ਨੈੱਟਵਰਕ ਦੀ ਅਤਿ-ਸਕ੍ਰਿਆਸ਼ੀਲਤਾ ਘਟਾਉਂਦਾ ਹੈ।

ਵਿਚਾਰਾਂ ਦੀ ਪਹਿਚਾਣ ਤੋਂ ਪਰੇ ਜਾਗਰੂਕਤਾ

ਆਵਾਜ਼ਿ ਕੌਮ AWAZE QAUM International Newspaper & WEB TV

ਧਿਆਨ ਮੈਟਾਕੋਗਨਿਟਿਵ ਜਾਗਰੂਕਤਾ ਪੈਦਾ ਕਰਦਾ ਹੈ—ਵਿਚਾਰਾਂ ਨੂੰ ਹੁਕਮ ਨਹੀਂ, ਸਿਰਫ਼ ਘਟਨਾ ਵਜੋਂ ਦੇਖਣਾ। ਡਰ ਜਾਂ ਸਮਾਜਿਕ ਦਬਾਅ ਵਾਲੇ ਗੁਲਾਮੀ ਵਿਚਾਰ ਆਪਣੀ ਪਕੜ ਖੋ ਬੈਠਦੇ ਹਨ।

ਲੰਬੇ ਸਮੇਂ ਦੀ ਮਾਨਸਿਕ ਆਜ਼ਾਦੀ

ਨਿਯਮਿਤ ਧਿਆਨ ਨਾਲ ਮਨੋਵਿਗਿਆਨਕ ਖੁਦਮੁਖਤਿਆਰੀ ਅਤੇ ਸਵੈ-ਨਿਰਧਾਰਿਤ ਵਿਹਾਰ ਵਧਦਾ ਹੈ।

ਆਧੁਨਿਕ ਸੰਸਾਰ ਵਿੱਚ ਦਿਮਾਗ ਦੀ ਆਜ਼ਾਦੀ ਅਜੋਕੇ ਸਮੇਂ ਦੇ ਭੌਤਿਕਵਾਦੀ ਅਤੇ ਜਾਣਕਾਰੀ-ਭਰੇ ਸਮਾਜ ਵਿੱਚ ਮਾਨਸਿਕ ਗੁਲਾਮੀ ਜ਼ੰਜੀਰਾਂ ਨਾਲ ਨਹੀਂ, ਸਗੋਂ ਐਲਗੋਰਿਦਮ, ਪ੍ਰਚਾਰ ਅਤੇ ਡਰ ਨਾਲ ਲਾਗੂ ਹੁੰਦੀ ਹੈ। ਗਲਤ ਜਾਣਕਾਰੀ, ਉਪਭੋਗਤਾ ਮਨੋਵਿਗਿਆਨ ਤੋਂ ਬਚਣ ਲਈ ਖੁਦਮੁਖਤਿਆਰ ਦਿਮਾਗ ਲਈ ਫਾਇਦੇਮੰਦ ਹੈ। ਦਿਮਾਗ ਦੀ ਆਜ਼ਾਦੀ ਨਾ ਤਾਂ ਆਪੇ-ਆਪ ਮਿਲਦੀ ਹੈ ਅਤੇ ਨਾ ਹੀ ਸਦੀਵੀ ਹੈ। ਜੀਵਨ-ਰੱਖਿਆ ਲਈ ਬਣੇ ਨਿਊਰਲ ਤੰਤਰ ਹੀ ਕਈ ਵਾਰ ਵਿਚਾਰਾਂ ਨੂੰ ਕੈਦ ਕਰ ਸਕਦੇ ਹਨ। ਡਰ, ਸਿਖਲਾਈ ਅਤੇ ਬਾਹਰੀ ਮਨਜ਼ੂਰੀ ਦੀ ਲਤ ਮਾਨਸਿਕ ਗੁਲਾਮੀ ਪੈਦਾ ਕਰਦੀ ਹੈ। ਪਰ ਨਿਊਰੋਸਾਇੰਸ ਸਾਬਤ ਕਰਦਾ ਹੈ ਕਿ ਸਿੱਖਿਆ, ਆਤਮ-ਨਿਯੰਤਰਣ ਅਤੇ ਧਿਆਨ ਰਾਹੀਂ ਦਿਮਾਗ ਨੂੰ ਖੁਦਮੁਖਤਿਆਰ ਬਣਾਇਆ ਜਾ ਸਕਦਾ ਹੈ। ਦਿਮਾਗ ਦੀ ਆਜ਼ਾਦੀ ਸਮਾਜ ਵਿਰੁੱਧ ਬਗਾਵਤ ਨਹੀਂ, ਸਗੋਂ ਜ਼ਿੰਮੇਵਾਰ ਅਤੇ ਦਇਆਲੂ ਸੋਚ ਦੀ ਪੱਕੜ ਹੈ।

ਵੱਧ ਰਹੇ ਮਾਨਸਿਕ ਦਬਾਅ ਅਤੇ ਗਿਆਨਾਤਮਕ ਪ੍ਰਭਾਵ ਦੇ ਯੁੱਗ ਵਿੱਚ, ਦਿਮਾਗ ਦੀ ਆਜ਼ਾਦੀ ਦੀ ਖੇਤੀ ਮਨੁੱਖੀ ਮਰਿਆਦਾ ਅਤੇ ਸਮਾਜਿਕ ਉੱਨਤੀ ਲਈ ਸਭ ਤੋਂ ਵੱਡੀ ਦਵਾਈ ਸਾਬਤ ਹੋ ਸਕਦੀ ਹੈ।

**-ਡਾ. ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

## ਧੂਰੀ ਹਲਕੇ ਦੇ ਪਿੰਡਾਂ ਦਾ ਸਰਵਪੱਖੀ ਅਤੇ

# ਯੋਜਨਾਬੱਧ ਵਿਕਾਸ ਯਕੀਨੀ ਬਣਾਇਆ ਜਾ ਰਿਹਾ ਹੈ : ਸੁਖਵੀਰ ਸਿੰਘ

**ਧੂਰੀ (ਰਣਜੀਤ ਸਿੰਘ ਧੇਧਨੀ )**-ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸ. ਸੁਖਵੀਰ ਸਿੰਘ ਵੱਲੋਂ ਅੱਜ ਧੂਰੀ ਹਲਕੇ ਅਧੀਨ ਆਉਂਦੇ ਪਿੰਡ ਕਾਂਝਲਾ ਵਿਖੇ 89 ਲੱਖ ਰੁਪਏ ਦੀ ਲਾਗਤ ਨਾਲ ਲਗਭਗ 18 ਕਿ ਮੀ ਲੱਡਾ -ਬਾਲੀਆਂ ਸੜਕ ਦੇ ਦੋਵੇਂ ਪਾਸੇ 5-5 ਫੁੱਟ ਇੰਟਰਲਾਕ ਟਾਈਲਾਂ ਲਗਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸ੍ਰੀ ਹਰਜਿੰਦਰ ਸਿੰਘ ਕਾਂਝਲਾ ਅਤੇ ਬਲਾਕ ਸੰਮਤੀ ਮੈਂਬਰ ਸ੍ਰੀ ਰਣਜੋਧ ਸਿੰਘ ਯੋਧਾ ਸਮੇਤ ਹੋਰ ਪ੍ਰਮੁੱਖ ਸ਼ਖਸੀਅਤਾਂ ਅਤੇ ਪਿੰਡ ਵਾਸੀ ਵੀ ਮੌਜੂਦ ਸਨ। ਇਸ ਮੌਕੇ ਸੰਬੋਧਨ ਕਰਦਿਆਂ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਪਿੰਡ ਕਿਲਾ ਹਕੀਮਾ, ਕਾਂਝਲਾ ਅਤੇ ਬਾਲੀਆਂ ਦੀਆਂ 18 ਫੁੱਟ ਚੌੜੀਆਂ ਸੜਕਾਂ ਦੇ ਦੋਵੇਂ ਪਾਸਿਆਂ 5-5 ਫੁੱਟ ਇੰਟਰਲਾਕ ਟਾਈਲਾਂ ਲਗਾਈਆਂ ਜਾ ਰਹੀਆਂ ਹਨ, ਜਿਸ ਨਾਲ ਸੜਕਾਂ ਦੇ ਕਿਨਾਰਿਆਂ ਦੀ ਮਜ਼ਬੂਤੀ ਯਕੀਨੀ ਬਣੇਗੀ ਅਤੇ ਬਰਸਾਤੀ ਮੌਸਮ ਦੌਰਾਨ ਸੜਕਾਂ ਦੇ ਕਟਾਅ ਦੀ ਸਮੱਸਿਆ ਤੋਂ ਵੀ ਨਿਜਾਤ ਮਿਲੇਗੀ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਨਾਲ ਪੈਦਲ ਜਾਣ ਵਾਲਿਆਂ ਅਤੇ ਦੋ ਪਹੀਆ ਵਾਹਨਾਂ ਲਈ ਆਵਾਜਾਈ ਹੋਰ ਸੁਖਾਲੀ ਅਤੇ ਸੁਰੱਖਿਅਤ ਹੋਵੇਗੀ। ਉਨ੍ਹਾਂ ਦੱਸਿਆ ਕਿ ਪਿੰਡ ਕਿਲਾ ਹਕੀਮਾ ਵਿੱਚ 40.24 ਲੱਖ ਰੁਪਏ, ਪਿੰਡ ਕਾਂਝਲਾ ਵਿੱਚ 36.31 ਲੱਖ ਰੁਪਏ ਅਤੇ ਪਿੰਡ ਬਾਲੀਆਂ ਵਿੱਚ 12.51 ਲੱਖ ਰੁਪਏ ਦੀ ਲਾਗਤ ਨਾਲ ਇਹ ਵਿਕਾਸ ਕਾਰਜ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕੰਮ ਨੂੰ ਨਿਰਧਾਰਤ ਸਮੇਂ ਅੰਦਰ ਉੱਚ ਗੁਣਵੱਤਾ ਨਾਲ ਪੂਰਾ ਕੀਤਾ ਜਾਵੇ ਅਤੇ ਮੌਕੇ 'ਤੇ ਨਿਯਮਤ ਨਿਗਰਾਨੀ ਯਕੀਨੀ ਬਣਾਈ ਜਾਵੇ। ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਧੂਰੀ ਹਲਕੇ ਦੇ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਯੋਜਨਾਬੱਧ ਤਰੀਕੇ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੜਕਾਂ, ਪਾਣੀ, ਸੀਵਰੇਜ ਅਤੇ ਹੋਰ ਜਨ ਸਹੂਲਤਾਂ ਨਾਲ ਜੁੜੇ ਪ੍ਰੋਜੈਕਟਾਂ ਨੂੰ ਤਰਜੀਹ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ, ਤਾਂ ਜੋ ਪਿੰਡ ਵਾਸੀਆਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਉਪਲਬਧ ਕਰਵਾਈਆਂ ਜਾ ਸਕਣ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਟੀਚਾ ਪਿੰਡਾਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਹੈ, ਤਾਂ ਜੋ ਹਰ ਪਿੰਡ ਤਰੱਕੀ ਅਤੇ ਸਹੂਲਤਾਂ ਦੇ ਮਾਮਲੇ ਵਿੱਚ ਮਿਸਾਲ ਬਣ ਸਕੇ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨਾਲ ਪਿੰਡ ਵਿੱਚ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਸਬੰਧੀ ਵੀ ਵਿਚਾਰ ਚਰਚਾ ਕੀਤੀ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਪੰਚਾਇਤ ਮੈਂਬਰ ਅਤੇ ਇਲਾਕਾ ਨਿਵਾਸੀ ਵੀ ਹਾਜ਼ਰ ਸਨ। ਇਸ ਮੌਕੇ ਹਰਜਿੰਦਰ ਸਿੰਘ ਕਾਂਝਲਾ ਮੈਂਬਰ ਜਿਲ੍ਹਾ ਪ੍ਰੀਸ਼ਦ, ਰਣਜੋਧ ਸਿੰਘ ਕਾਂਝਲਾ ਮੈਂਬਰ ਬਲਾਕ ਸੰਮਤੀ, ਗੁਰਜੀਤ ਸਿੰਘ ਕਾਂਝਲਾ ਆਪ ਆਗੂ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

## ਮਾਂ-ਬੋਲੀ ਦਾ ਮਾਣ



ਮੈਂ ਕਰਜ਼ਦਾਰ ਹਾਂ ਮਾਂ ਬੋਲੀ ਪੰਜਾਬੀ ਦਾ,
ਜਿਹੜੀ ਮੇਰੀ ਜੱਗ ਤੇ ਪਹਿਚਾਣ ਬਣੀ।
ਮੇਰੇ ਸਾਹਾਂ ਦੇ ਵਿੱਚ ਇਹ ਇੰਝ ਰਚ ਗਈ,
ਜਿਵੇਂ ਜਿਸਮ ਦੇ ਅੰਦਰ ਜਾਨ ਬਣੀ।
ਮੇਰੇ ਪੁਰਖਿਆਂ ਦੀ ਇਹ ਅਣਖੀ ਵਿਰਾਸਤ,
ਮੇਰੇ ਮੱਥੇ ਦਾ ਉੱਚਾ ਨਿਸ਼ਾਨ ਬਣੀ।
ਗੁਰੂਆਂ ਦੀ ਬਾਣੀ ਨੇ ਦਿੱਤੀਆਂ ਬਰਕਤਾਂ,
ਸਾਡੀ ਕੁੱਲ ਦੁਨੀਆਂ ਵਿੱਚ ਸ਼ਾਨ ਬਣੀ।
ਮੈਂ ਦਰ-ਦਰ ਭਟਕ ਕੇ ਵੀ ਉੱਥੇ ਹੀ ਆਇਆ,
ਜਿੱਥੇ ਸ਼ਬਦਾਂ ਦੀ ਸੱਚੀ ਦੁਕਾਨ ਬਣੀ।
ਇਹਨੇ ਰੋਣਿਆਂ ਨੂੰ ਵੀ ਸੰਗੀਤ ਬਣਾਇਆ,
ਮੇਰੇ ਗ.ਮਾਂ ਦੀ ਵੀ ਇਹ ਜ਼ਬਾਨ ਬਣੀ।
ਇਸ ਬੋਲੀ ਨੇ ਉੱਡਣਾ ਸਿਖਾਇਆ ਹੈ ਮੈਨੂੰ,
ਮੇਰੇ ਸੁਪਨਿਆਂ ਦਾ ਇਹ ਅਸਮਾਨ ਬਣੀ।
ਮੈਂ ਸਿਜਦਾ ਕਰਾਂ ਇਸ ਪਵਿੱਤਰ ਮਿੱਟੀ ਨੂੰ,
ਜੋ ਮੇਰੀ ਹਸਤੀ ਦਾ ਵਿਆਖਿਆਨ ਬਣੀ।
ਫ਼ਰੀਦ ਤੇ ਬੁੱਲ੍ਹੇ ਦੇ ਰੰਗ ਵਿੱਚ ਰੰਗ ਕੇ,
ਇਹ ਰੂਹਾਨੀਅਤ ਦਾ ਸੰਵਿਧਾਨ ਬਣੀ।
ਮੈਂ ਕਰਜ਼ਦਾਰ ਹਾਂ ਮਾਂ ਬੋਲੀ ਪੰਜਾਬੀ ਦਾ,
ਜਿਹੜੀ ਮੇਰੀ ਜੱਗ ਤੇ ਪਹਿਚਾਣ ਬਣੀ।
'ਪ੍ਰਗਟ' ਮੈਂ ਜਿੱਥੇ ਵੀ ਹੋਵਾਂਗਾ ਦੁਨੀਆਂ 'ਚ,
ਇਹ ਮੇਰੇ ਪੰਜਾਬ ਦੀ ਮੁਸਕਾਨ ਬਣੀ।
ਇਹਦੇ ਅੱਖਰਾਂ ਦਾ ਕਰਜ਼ ਮੈਥੋਂ ਲੱਥਣਾ ਨਹੀਂ,
ਕਿਉਂਕਿ ਇਹੀ ਮੇਰੇ ਰੱਬ ਦਾ ਫ਼ਰਮਾਨ ਬਣੀ।

**-ਪ੍ਰਗਟ ਸਿੰਘ ਗਿੱਲ ਬਾਗੀ**

ਆਵਾਜ਼ਿ ਕੌਮ AWAZE QAUM International Newspaper & WEB TV

## ਸਰਕਾਰੀ ਜ਼ਮੀਨਾਂ ਦੀ ਵਿਕਰੀ ਪੰਜਾਬ ਦੇ ਭਵਿੱਖ ਲਈ ਘਾਤਕ: ਗਿਆਨੀ ਹਰਪ੍ਰੀਤ ਸਿੰਘ



ਚੰਡੀਗੜ੍ਹ, 13 ਫਰਵਰੀ (ਆਵਾਜ਼ਿ ਕੌਮ ਬਿਊਰੋ)-ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਕਿਹਾ ਹੈ ਕਿ 'ਲੈਂਡ ਪੂਲਿੰਗ ਨੀਤੀ' ਫੇਲ੍ਹ ਹੋਣ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ ਪੰਜਾਬ ਦੀਆਂ ਸਰਕਾਰੀ ਜ਼ਮੀਨਾਂ ਨੂੰ ਸਿੱਧੇ ਤੌਰ 'ਤੇ ਵੇਚਣ ਵੱਲ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਮੰਤਰੀ ਸੰਜੀਵ ਅਰੋੜਾ ਵੱਲੋਂ ਬਠਿੰਡਾ ਤੋਂ ਬਾਅਦ ਹੁਣ ਪਟਿਆਲਾ ਵਿੱਚ ਬਿਜਲੀ ਮਹਿਕਮੇ ਦੀ ਕਰੀਬ 50 ਏਕੜ ਸਰਕਾਰੀ ਜ਼ਮੀਨ ਪੁੱਡਾ ਨੂੰ ਵੇਚਣ ਲਈ ਸੌਂਪਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਹ ਕਦਮ ਸਰਕਾਰ ਦੀ ਵਿੱਤੀ ਨੀਤੀ 'ਤੇ ਸਵਾਲ ਖੜੇ ਕਰਦਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਸਵਾਲ ਕੀਤਾ ਕਿ ਜੇਕਰ ਸਰਕਾਰ ਕੋਲ ਵਿੱਤੀ ਸੰਕਟ ਦਾ ਹੱਲ ਸਿਰਫ਼ ਸਰਕਾਰੀ ਜ਼ਮੀਨਾਂ ਦੀ ਵਿਕਰੀ ਹੀ ਰਹਿ ਗਿਆ ਹੈ, ਤਾਂ ਫਿਰ ਖਜ਼ਾਨੇ ਵਿੱਚ 54,000 ਕਰੋੜ ਰੁਪਏ ਜਮ੍ਹਾਂ ਕਰਵਾਉਣ ਦੀ ਗਾਰੰਟੀ ਕੀ ਸਿਰਫ਼ ਸਿਆਸੀ ਜੁਮਲਾ ਸੀ ? ਉਨ੍ਹਾਂ ਕਿਹਾ ਕਿ ਲੋਕਾਂ ਨਾਲ ਕੀਤੇ ਵਾਅਦਿਆਂ ਬਾਰੇ ਸਰਕਾਰ ਨੂੰ ਖੁੱਲ੍ਹ ਕੇ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇ ਮੁਫ਼ਤ ਬਿਜਲੀ ਦੇ ਵਾਅਦਿਆਂ ਦੇ ਪਿੱਛੇ ਸਰਕਾਰੀ ਸੰਪਤੀਆਂ ਵੇਚਣ ਦੀ ਨੀਤੀ ਲਾਗੂ ਕੀਤੀ ਜਾ ਰਹੀ ਹੈ, ਤਾਂ ਇਹ ਪੰਜਾਬ ਦੇ ਆਰਥਿਕ ਭਵਿੱਖ ਲਈ ਬਹੁਤ ਘਾਤਕ ਸਾਬਤ ਹੋ ਸਕਦੀ ਹੈ। ਇਸ ਨਾਲ ਭਵਿੱਖ ਵਿੱਚ ਰਾਜ ਕੋਲ ਵਿਕਾਸ ਪ੍ਰੋਜੈਕਟਾਂ ਲਈ ਲੋੜੀਂਦੀ ਜ਼ਮੀਨ ਦੀ ਕਮੀ ਪੈ ਸਕਦੀ ਹੈ। ਉਨ੍ਹਾਂ ਨੇ ਭਗਵੰਤ ਮਾਨ ਨੂੰ ਵੀ ਅਪੀਲ ਕੀਤੀ ਕਿ ਉਹ ਸਪੱਸ਼ਟ ਕਰਨ ਕਿ ਕੀ ਇਹ ਨੀਤੀ ਉਨ੍ਹਾਂ ਦੀ ਮਨਜ਼ੂਰੀ ਅਤੇ ਦਿਸ਼ਾ-ਨਿਰਦੇਸ਼ ਹੇਠ ਲਾਗੂ ਕੀਤੀ ਜਾ ਰਹੀ ਹੈ ਜਾਂ ਇਸ ਦੇ ਪਿੱਛੇ ਕੋਈ ਹੋਰ ਸਿਆਸੀ ਦਬਾਅ ਕਾਰਗਰ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

## ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਤਰਾਸ਼ਿਆ, ਅਕਾਲੀ ਆਗੂ ਜਥੇਦਾਰ ਹਰੀ ਸਿੰਘ ਮਛਰਾਏ ਦਾ ਅਕਾਲ ਚਲਾਣਾ ਖਾਲਸਾ ਪੰਥ ਲਈ ਵੱਡਾ ਘਾਟਾ : ਪੰਜੋਲੀ



**ਫਤਹਿਗੜ ਸਾਹਿਬ 13 ਫਰਬਰੀ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਮੋਰਚਿਆਂ ਦਾ ਸ਼ਾਹ ਅਸਵਾਰ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੋਹੜਾ ਦਾ ਮਿੱਤਰ ਪਿਆਰਾ ਟਕਸਾਲੀ ਅਕਾਲੀ ਆਗੂ ਜਥੇਦਾਰ ਹਰੀ ਸਿੰਘ ਜੀ ਮਛਰਾਏ ਦਾ ਸਦੀਵੀ ਵਿਛੋੜਾ ਖ਼ਾਲਸਾ ਪੰਥ ਲਈ ਵੱਡਾ ਘਾਟਾ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਦੱਸਿਆ ਜਥੇਦਾਰ ਹਰੀ ਸਿੰਘ ਮਛਰਾਏ ਸਾਹਿਬ ਨੇ ਸ਼੍ਰੋਮਣੀ ਅਕਾਲੀ ਦੱਲ ਵਿੱਚ ਰਹਿੰਦਿਆਂ ਖ਼ਾਲਸਾ ਪੰਥ ਦੀ ਚੜਦੀ ਕਲਾ ਲਈ ਮਾਣ ਮੱਤਾ ਸੰਘਰਸ਼ ਕੀਤਾ ਹੈ ਜਿਸ ਨੂੰ ਹਮੇਸ਼ਾ ਯਾਦ ਰੱਖਿਆ ਜਾਏਗਾ । ਉਹਨਾ ਦੇ ਵਿਛੋੜੇ ਉੱਤੇ ਹੋਰਨਾਂ ਤੋ ਇਲਾਵਾ ਗਹਿਰਾ ਦੁੱਖ ਪ੍ਰਗਟ ਕਰਨ ਵਾਲੇ -ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਸਾਬਕਾ ਮੈਂਬਰ ਪਾਰਲੀਮੈਂਟ , ਸਾਬਕਾ ਮੰਤਰੀ ਸਰਦਾਰ ਸੁਰਜੀਤ ਸਿੰਘ ਰੱਖੜਾ , ਸਾਬਕਾ ਐਮ ਐਲ ਏ ਜਸਟਿਸ ਨਿਰਮਲ ਸਿੰਘ , ਸਾਬਕਾ ਐਮ ਐਲ ਏ ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ , ਹਰਵੇਲ ਸਿੰਘ ਮਾਧੋਪੁਰ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦੱਲ , ਮਨਦੀਪ ਸਿੰਘ ਪ੍ਰਧਾਨ ਜ਼ਿਲਾ ਅਕਾਲੀ ਜਥਾ ਫਤਿਹਗੜ ਸਾਹਿਬ , ਅਮਰਇੰਦਰ ਸਿੰਘ ਲਿਬੜਾ ਸੀਨੀਅਰ ਅਕਾਲੀ ਆਗੂ , ਰਣਬੀਰ ਸਿੰਘ ਪੁਨੀਆ ਸੀਨੀਅਰ ਅਕਾਲੀ ਆਗੂ , ਇੰਦਰਜੀਤ ਸਿੰਘ ਸੰਧੂ ਮੀਰਪੁਰ ਸੀਨੀਅਰ ਅਕਾਲੀ ਆਗੂ , ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਸਾਬਕਾ ਮੈਂਬਰ ਐਸ ਜੀ ਪੀ ਸੀ । ਨਰਿੰਦਰ ਸਿੰਘ ਟਿਵਾਣਾ ਐਡਵੋਕੇਟ ਸਾਬਕਾ ਚੇਅਰਮੈਨ , , ਦਰਬਾਰਾ ਸਿੰਘ ਰੰਧਾਵਾ , ਸੁਰਿੰਦਰ ਸਿੰਘ ਸੁਹਾਗਹੇੜੀ ਸਰਕਲ ਪ੍ਰਧਾਨ , ਬਲਤੇਜ ਸਿੰਘ ਅਮਲੋਹ ਸੀਨੀਅਰ ਅਕਾਲੀ ਆਗੂ , ਅਮਰਜੀਤ ਸਿੰਘ ਮੁਡੜੀਆ ਸੀਨੀਅਰ ਅਕਾਲੀ ਆਗੂ , ਸੁਰਜੀਤ ਸਿੰਘ ਚਰਨਾਥਲ ਸਰਕਲ ਪ੍ਰਧਾਨ , ਗੁਰਦੇਵ ਸਿੰਘ ਵਿਰਕ ਸਰਕਲ ਪ੍ਰਧਾਨ ਸਰਹਿੰਦ , ਮਾਸਟਰ ਚਰਨਜੀਤ ਸਿੰਘ ਖਾਲਸਪੁਰ ਸੀਨੀਅਰ ਅਕਾਲੀ ਆਗੂ , ਦਿਲਬਾਗ ਸਿੰਘ ਬਦੋਛੀ ਸਾਬਕਾ ਚੇਅਰਮੈਨ , ਮਹਿੰਦਰਜੀਤ ਸਿੰਘ ਖਰੋੜੀ ਸਾਬਕਾ ਚੇਅਰਮੈਨ , ਅਮਰਜੀਤ ਸਿੰਘ ਬਡਗੁਜਰਾ ਪੰਥਕ ਆਗੂ , ਹਰਵਿੰਦਰ ਸਿੰਘ ਬਬਲ ਸੀਨੀਅਰ ਆਗੂ , ਅਮਰਜੀਤ ਸਿੰਘ ਸਾਬਕਾ ਮਨੇਜਰ ਸ਼ਾਮਲ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਆਪ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਨੀ ਤੇ ਓਪਰੇਸ਼ਨ ਲੋਟਸ ਤਹਿਤ ਵੱਡੇ ਔਫਰ ਦੇਣ ਵਾਲੇ ਲਾਏ

# ਇਲਜ਼ਾਮਾਂ ਦੀ ਜਾਂਚ ਕਰਕੇ ਅਵਾਮ ਸਾਹਮਣੇ ਲਿਆਂਦੀ ਜਾਵੇ : ਭਾਈ ਵਿਰਸਾ ਸਿੰਘ ਖਾਲਸਾ



**ਜੰਡਿਆਲਾ ਗੁਰੂ 13 ਫਰਵਰੀ ( ਕੁਲਵੰਤ ਸਿੰਘ ਵਿਰਦੀ )**-2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਸਰਕਾਰ ਲਈ ਵੱਡੇ ਵੱਡੇ ਤੋੜ ਵਿਛੋੜੇ ਹੋ ਰਹੇ ਹਨ ਉਥੇ ਭਾਜਪਾ ਵੀ ਇਸ ਵਾਰ ਪੰਜਾਬ 'ਚ ਆਪਣਾ ਸਿਆਸੀ ਯਾਦੂ ਵਰਤ ਰਹੀ ਹੈ, ਸਾਬਕਾ ਕਾਂਗਰਸੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਈ ਡੀ ਦੇ ਨੋਟਿਸ ਭੇਜੇ ਜਾ ਰਹੇ ਹਨ ਤਾਂ ਕਿ ਉਹ ਭਾਜਪਾ ਛੱਡ ਕੇ ਕਾਂਗਰਸ ਵਿੱਚ ਨਾਂ ਚਲੇ ਜਾਣ, ਇਸ ਦੌਰਾਨ ਭਾਜਪਾ ਤੇ ਆਪ ਵੱਲੋਂ ਦੋਸ਼ ਲਾਏ ਜਾਂ ਰਹੇ ਕਿ ਓਪਰੇਸ਼ਨ ਲੋਟਸ ਅਧੀਨ ਸਾਡੇ ਵਿਧਾਇਕਾਂ ਦੀ ਫਰੀਦੋਫਰੋਕਤ ਹੋ ਰਹੀ ਹੈ ਅਤੇ ਵੱਡੇ ਵੱਡੇ ਔਫਰ ਕੀਤੇ ਜਾ ਰਹੇ ਹਨ ਅਤੇ ਇਸ ਦਾ ਤਾਜ਼ਾ ਭੇਤ ਉਸ ਵੇਲੇ ਖੁੱਲਿਆ ਜਦੋਂ ਸੰਗਰੂਰ ਤੋਂ ਵਧਾਇਕ ਨਰਿੰਦਰ ਕੌਰ ਭਰਾਜ ਨੇ ਦਾਹਵਾ ਠੋਕਿਆ ਕੇ ਹਰਿਆਣਾ ਦੇ ਭਾਜਭਾਈ ਮੁੱਖ ਮੰਤਰੀ ਨਾਇਬ ਸੈਣੀ ਨੇ ਉਹਨਾਂ ਨਾਲ ਬੰਦ ਕਮਰੇ ਵਿੱਚ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਕਿਹਾ ਕਿ ਭਾਜਪਾ ਵਿੱਚ ਸ਼ਾਮਲ ਹੋਣ ਤੇ ਉਨ੍ਹਾਂ ਨੂੰ ਸੰਗਰੂਰ ਤੋਂ ਭਾਜਪਾ ਉਮੀਦਵਾਰ ਨਿਯੁਕਤ ਕੀਤਾ ਜਾਵੇਗਾ, ਜਦੋਂ ਪੱਤਰਕਾਰਾਂ ਨੇ ਇਸ ਸਬੰਧੀ ਹਰਿਆਣਵੀ ਭਾਜਪਾ ਮੁੱਖ ਮੰਤਰੀ ਨਾਇਬ ਸੈਣੀ ਤੋਂ ਸਵਾਲ ਪੁੱਛਿਆ ਤਾਂ ਉਹ ਸਾਫ ਮੁੱਕਰ ਗਏ ਅਤੇ ਇਥੋਂ ਤੱਕ ਕਹਿ ਦਿੱਤਾ ਕਿ ਮੈਂ ਉਨ੍ਹਾਂ ਨੂੰ ਜਾਣਦਾ ਤੱਕ ਨਹੀਂ ? ਇਸ ਘਟਨਾ ਕ੍ਰਮ ਤੋਂ ਇੰਝ ਲਗਦਾ ਹੈ ਕਿ ਇਹ ਲੀਡਰ ਲੋਕ ਵਾਕਿਆ ਹੀ ਅਜਿਹਾ ਕਰਦੇ ਹਨ ? ਜਾਂ ਫਿਰ ਲੋਕਾਂ ਵਿੱਚ ਆਪਣੀ ਪਬਲਿਕ ਸਿੱਟੀ ਵਧਾਉਣ ਲਈ ਮੂਰਖ਼ ਬਣਾਉਂਦੇ ਹਨ, ਇਹ ਸਾਰਾ ਮਾਮਲਾ ਅਵਾਮ ਲਈ ਚਿੰਤਾ ਜਨਕ ਤੇ ਜਾਂਚ ਦਾ ਵਿਸ਼ਾ ਹੈ, ਇਸ ਕਰਕੇ ਸਾਡੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿਥੇ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਵੱਲੋਂ ਭਾਜਪਾ 'ਚ ਸ਼ਾਮਲ ਹੋਣ ਤੇ ਸੰਗਰੂਰ ਤੋਂ ਭਾਜਪਾ ਉਮੀਦਵਾਰ ਬਣਾਉਣ ਵਾਲੀ ਸਾਰੀ ਕਾਰਵਾਈ ਦੀ ਨਿੰਦਾ ਕਰਦੀ ਹੋਈ ਜਾਂਚ ਦੀ ਮੰਗ ਕਰਦੀ ਹੈ ਤਾਂ ਕਿ ਲੋਕਾਂ ਸਾਹਮਣੇ ਸਚਾਈ ਲਿਆਂਦੀ ਜਾ ਸਕੇ ਅਤੇ ਲੋਕਾਂ ਨੂੰ ਇਹਨਾਂ ਲੀਡਰਾਂ ਦੀ ਅਸਲ ਸਚਾਈ ਦਾ ਪਤਾ ਲੱਗ ਸਕੇ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਨਰਿੰਦਰ ਕੌਰ ਭਰਾਜ ਆਪ ਵਧਾਇਕ ਵੱਲੋਂ ਭਾਜਪਾ 'ਚ ਸ਼ਾਮਲ ਹੋਣ ਸੰਗਰੂਰ ਤੋਂ ਭਾਜਪਾ ਉਮੀਦਵਾਰ ਬਣਾਉਣ ਦੀ ਔਫਰ ਦੇਣ ਵਾਲੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਵਾਲੇ ਵਰਤਾਰੇ ਦੀ ਜਾਂਚ ਕਰਵਾ ਕੇ ਲੋਕਾਂ ਸਾਹਮਣੇ ਸਚਾਈ ਲਿਆਉਣ ਦੀ ਮੰਗ ਕਰਦਿਆਂ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਉਹਨਾਂ ਭਾਈ ਖਾਲਸਾ ਨੇ ਦੱਸਿਆ ਆਮ ਆਦਮੀ ਪਾਰਟੀ ਨੇ ਭਾਜਪਾ ਤੇ ਪਹਿਲਾਂ ਵੀ ਦੋਸ਼ ਲਾਇਆ ਸੀ ਕਿ ਭਾਜਪਾ ਓਪਰੇਸ਼ਨ ਲੋਟਸ ਤਹਿਤ ਸਾਡੇ ਵਿਧਾਇਕਾਂ ਨੂੰ ਖ਼ਰੀਦ ਰਹੀ ਹੈ ਇਥੇ ਹੀ ਬੱਸ ਨਹੀਂ ? ਆਪ ਪਾਰਟੀ ਨੇ ਤਾਂ ਉਸ ਵਕਤ ਅਮਰਜੈਨਸੀ ਸਪੈਸ਼ਲ ਸੈਸ਼ਨ ਵੀ ਸੱਦਿਆ ਸੀ ਤੇ ਕਰੌੜੇ ਰੁਪਏ ਬਰਬਾਦ ਕੀਤੇ ਗਏ ਸਨ ਅਤੇ ਪੰਜਾਬ ਦੇ ਲੋਕਾਂ ਨੇ ਸਵਾਲ ਖੜੇ ਕੀਤੇ ਸਨ ਕਿ ਅਜਿਹਾ ਸੈਸ਼ਨ ਸੱਦਣ ਦੀ ਕੀ ਜ਼ਰੂਰਤ ਸੀ ? ਭਾਈ ਖਾਲਸਾ ਨੇ ਕਿਹਾ ਹੁਣ ਵੀ ਸਾਨੂੰ ਸ਼ੰਕਾ ਹੈ ਕਿ ਆਪ ਵਾਲੇ ਇਵੇਂ ਦੁਹਾਈ ਪਾਈ ਜਾਂਦੇ ਹਨ, ਅੱਗੇ ਵਾਂਗ ਨਿਕਲਣਾ ਕੁਝ ਵੀ ਨਹੀਂ ? ਇਸ ਕਰਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਵੱਲੋਂ ਬੰਦ ਕਮਰੇ ਵਿੱਚ ਮੀਟਿੰਗ ਕਰਨ ਤੇ ਭਾਜਪਾ ਵਿੱਚ ਸ਼ਾਮਲ ਹੋਣ ਤੇ ਸੰਗਰੂਰ ਤੋਂ ਭਾਜਪਾ ਉਮੀਦਵਾਰ ਬਣਾਉਣ ਅਤੇ ਨਾਇਬ ਸੈਣੀ ਮੁੱਖ ਮੰਤਰੀ ਵੱਲੋਂ ਇਸ ਨੂੰ ਚਿੱਟਾ ਝੂਠ ਦੱਸਣ ਵਾਲੇ ਸਾਰੇ ਵਰਤਾਰੇ ਦੀ ਨਿੰਦਾ ਕਰਦੀ ਹੋਈ ਇਸ ਦੀ ਜਾਂਚ ਕਰਵਾ ਕੇ ਲੋਕਾਂ ਸਾਹਮਣੇ ਸਚਾਈ ਲਿਆਉਣ ਦੀ ਮੰਗ ਕਰਦੀ ਹੈ ਤਾਂ ਕਿ ਲੋਕਾਂ ਨੂੰ ਇਹਨਾਂ ਸਿਆਸੀ ਲੋਕਾਂ ਦੇ ਅਸਲੀ ਕਿਰਦਾਰ ਦਾ ਪਤਾ ਲੱਗ ਸਕੇ। ਇਸ ਮੌਕੇ ਤੇ ਭਾਈ ਖਾਲਸਾ ਨਾਲ ਭਾਈ ਅਵਤਾਰ ਸਿੰਘ ਅੰਮ੍ਰਿਤਸਰ, ਭਾਈ ਜੋਗਿੰਦਰ ਸਿੰਘ ਤੇ ਭਾਈ ਜਗਤਾਰ ਸਿੰਘ ਫਿਰੋਜ਼ਪੁਰ, ਭਾਈ ਦਿਲਬਾਗ ਸਿੰਘ ਬਾਗੀ ਗੁਰਦਾਸਪੁਰ, ਭਾਈ ਸੁਖਦੇਵ ਸਿੰਘ ਜਗਰਾਓਂ, ਭਾਈ ਇੰਦਰਜੀਤ ਸਿੰਘ ਕਾਉਂਕੇ ਆਦਿ ਆਗੂ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਵਪਾਰੀਆਂ ਅਤੇ ਉਦਯੋਗਪਤੀਆਂ ਵੱਲੋਂ ਬਿਕਰਮ ਸਿੰਘ ਮਜੀਠੀਆ ਦੀ ਆਓ- ਭਗਤ : ਰਜਿੰਦਰ ਸਿੰਘ ਮਰਵਾਹਾ



**ਚੌਕ ਮਹਿਤਾ, 13 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਕੋਰ ਕਮੇਟੀ ਸ਼੍ਰੋਮਣੀ ਅਕਾਲੀ ਵਪਾਰ ਅਤੇ ਉਦਯੋਗ ਰਜਿੰਦਰ ਸਿੰਘ ਮਰਵਾਹਾ ਦੀ ਅਗਵਾਈ ਹੇਠ ਹਰਪਾਲ ਸਿੰਘ ਆਹਲੂਵਾਲੀਆ, ਚਰਨਜੀਤ ਸਿੰਘ ਪੂਜੀ, ਅਮਰਜੀਤ ਸਿੰਘ ਨਾਰੰਗ ਸੀ.ਏ, ਵਿਕਾਸ ਬਜਾਜ਼ ,ਸੁਖਵਿੰਦਰ ਸਿੰਘ ਕੋਹਲੀ, ਐਡਵੋਕੇਟ ਤੇਗ. ਬ੍ਰਦਰਜ਼, ਡਾਕਟਰ ਜਗਜੀਤ ਸਿੰਘ ਅਤੇ ਹੋਰ ਪਤਵੰਤਿਆਂ ਨੇ ਗੁਰੂ ਨਗਰੀ ਅੰਮ੍ਰਿਤਸਰ ਪਧਾਰੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਉਨ੍ਹਾਂ ਦੀ ਕੋਠੀ ਪਹੁੰਚ ਕੇ ਹਾਰਦਿਕ ਇਸਤਕਬਾਲ ਕੀਤਾ। ਸ੍ਰ. ਮਜੀਠੀਆ ਨੇ ਉਨ੍ਹਾਂ ਵੱਲੋਂ ਭੇਟ ਕੀਤੇ ਸਿਰੋਪਾਓ ਨੂੰ ਸਿਰਮੱਥੇ ਪ੍ਰਵਾਨ ਕਰਦਿਆਂ ਹੋਇਆਂ ਅੰਮ੍ਰਿਤਸਰ ਦੇ ਵਿਉਪਾਰੀਆਂ ਅਤੇ ਕਾਰੋਬਾਰੀਆਂ ਦਾ ਸ਼ੁਕਰਗੁਜ਼ਾਰ ਕੀਤਾ ਅਤੇ ਪ੍ਰੋਗਰਾਮ ਦਿੱਤਾ ਕਿ ਆਉਣ ਵਾਲੇ ਥੋੜੇ ਦਿਨਾਂ ਦੌਰਾਨ ਗੁਰੂ ਨਗਰੀ ਅੰਮ੍ਰਿਤਸਰ ਦੇ ਵਿਉਪਾਰੀਆਂ, ਕਾਰੋਬਾਰੀਆਂ ਅਤੇ ਉਦਯੋਗਪਤੀਆਂ ਨਾਲ ਖੁਲ੍ਹੇ ਸਮੇਂ ਵਿਸਥਾਰਤ ਮੀਟਿੰਗ ਕੀਤੀ ਜਾਵੇਗੀ ਅਤੇ ਉਹਨਾਂ ਨੂੰ ਦਰਪੇਸ਼ ਵੰਗਾਰਾਂ ਅਤੇ ਸਮੱਸਿਆਵਾਂ ਦਾ ਹੱਲ ਕਰਨ ਲਈ ਠੋਸ ਪ੍ਰੋਗਰਾਮ ਉਲੀਕਿਆ ਜਾਵੇਗਾ। ਰਜਿੰਦਰ ਸਿੰਘ ਮਰਵਾਹਾ ਅਤੇ ਹਰਪਾਲ ਸਿੰਘ ਆਹਲੂਵਾਲੀਆ ਨੇ ਸਾਂਝੇ ਤੌਰ ਤੇ ਕਿਹਾ ਕਿ ਪੰਜਾਬ ,ਪੰਜਾਬੀਅਤ ਅਤੇ ਪੰਜਾਬ ਦੇ ਵਿਕਾਸ ਨੂੰ ਮੁੜ ਪ੍ਰਗਤੀ ਦੀਆਂ ਲੀਹਾਂ ਤੇ ਲਿਆਉਣ ਲਈ ਸ਼ਾਂਤੀ ਪੂਰਵਕ ਮਾਹੌਲ ,ਇੰਫਰਾਸਟਰਕਚਰ ਉਹ ਸ਼੍ਰੋਮਣੀ ਅਕਾਲੀ ਦਲ ਹੀ ਲਿਆ ਸਕਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### ਐਸ ਐਸ ਪੀ ਫਾਜ਼ਿਲਕਾ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਪੇਸ਼ ਹੋ ਕੇ ਖਿਮਾਂ ਯਾਚਨਾ ਪੱਤਰ

# ਪੁਲਿਸ ਦੀ ਇਤਿਹਾਸਕ ਤੇ ਪਲੇਠੀ ਨੀਤੀ : ਜਥੇ ਮੇਜ਼ਰ ਸਿੰਘ ਸੋਢੀ, ਭਾਈ ਵਿਰਸਾ ਸਿੰਘ ਖਾਲਸਾ

**ਜੰਡਿਆਲਾ ਗੁਰੂ, 13 ਫਰਵਰੀ ( ਕੁਲਵੰਤ ਸਿੰਘ ਵਿਰਦੀ )**-ਬੀਤੇ ਦਿਨੀਂ ਪੰਜਾਬ ਪੁਲਿਸ ਦੇ ਐਸ ਐਸ ਪੀ ਫਾਜ਼ਿਲਕਾ ਦੇ ਪੁਲਸੀਆਂ ਵੱਲੋਂ ਸਿਵਲ ਵਰਦੀ 'ਚ ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ਪ੍ਰਕਰਮਾਂ ਵਿਚੋਂ ਦੋ ਆਦਮੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੱਸੇਂ ਬਗੈਰ ਜਬਰੀ ਚੁੱਕਿਆ ਗਿਆ ਸੀ ਜੋ ਦਰਬਾਰ ਸਾਹਿਬ ਦੀ ਮਹਾਂਨਤਾ ਤੇ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਸਿਧਾਂਤਕ ਭੁੱਲ ਤੇ ਵੱਡੀ ਗਲਤੀ ਸੀ ਅਤੇ ਇਸ ਦਾ ਸਿੱਖ ਸੰਗਤਾਂ ਵਿੱਚ ਕਾਫੀ ਰੋਸ ਪਾਇਆ ਗਿਆ ਤੇ ਜਥੇਦਾਰ ਸਾਹਿਬ ਨੇ ਵੀ ਇਸ ਸਖ਼ਤ ਨੋਟਿਸ ਲੈਂਦਿਆਂ ਪੰਜਾਬ ਪੁਲਿਸੀਆਂ ਨੂੰ ਝਾੜ ਪਾਈ ਸੀ,ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੱਸੇ ਬਗੈਰ ਐਸ ਐਸ ਪੀ ਫਾਜ਼ਿਲਕਾ ਸ੍ਰ ਗੁਰਮੀਤ ਸਿੰਘ ਦੇ ਪੁਲਸੀਆਂ ਵੱਲੋਂ ਦਰਬਾਰ ਸਾਹਿਬ 'ਚ ਤਾਇਨਾਤ ਟਾਸਕ ਫੋਰਸ ਦੇ ਰੋਕਣ ਦੇ ਬਾਵਜੂਦ ਇਹ ਕੰਮ ਕੀਤਾ ਗਿਆ ਅਤੇ ਹੁਣ ਆਪਣੀ ਭੁੱਲ ਨੂੰ ਦਰੁੱਸਤ ਕਰਨ ਅਤੇ ਹਰਮੰਦਰ ਸਾਹਿਬ ਦੀ ਮਹਾਂਨਤਾ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਜਥੇਦਾਰ ਅਕਾਲ ਤਖਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਅੱਗੇ ਜਾਚਨਾ ਭੁੱਲ ਪੱਤਰ ਆਪਣੇ ਬੰਨੇ ਦਾੜੇ ਨੂੰ ਖੋਲ੍ਹੇ ਕੇ ਪੇਸ਼ ਕੀਤਾ ਹੈ, ਇਸ ਨੂੰ ਪੁਲਿਸ ਦੀ ਪਲੇਠੀ ਤੇ ਇਤਿਹਾਸਕ ਵਧੀਆ ਗੱਲ ਮੰਨਿਆ ਜਾ ਰਿਹਾ ਹੈ ਅਤੇ ਅਕਾਲ ਤਖ਼ਤ ਸਾਹਿਬ ਤੇ ਆਉਣ ਵਾਲੇ ਹਰ ਸਿਆਸੀ ਨੂੰ ਚਾਹੀਦਾ ਹੈ ਕਿ ਉਹ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਨਾ ਕਰਨ ਦੀ ਲੋੜ ਤੇ ਜ਼ੋਰ ਦੇਣ, ਇਸ ਕਰਕੇ ਮਾਝਾ ਦਸ਼ਮੇਸ਼ ਤਰਨਦਲ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿਥੇ ਫਾਜ਼ਿਲਕਾ ਦੇ ਐਸ ਐਸ ਪੀ ਸ੍ਰ ਗੁਰਮੀਤ ਸਿੰਘ ਵੱਲੋਂ ਖਿਮਾਂ ਯਾਚਨਾ ਪੱਤਰ ਦੇ ਕੇ ਆਪਣੀ ਭੁੱਲ ਦੀ ਮੁਆਫੀ ਮੰਗਣ ਵਾਲੀ ਪੁਲਿਸ ਨੀਤੀ ਦੀ ਜ਼ੋਰਦਾਰ ਸ਼ਬਦਾਂ 'ਚ ਸ਼ਲਾਘਾ ਕਰਦੀ ਹੈ, ਉਥੇ ਅਕਾਲ ਤਖਤ ਸਾਹਿਬ ਤੇ ਆ ਕੇ ਜਥੇਦਾਰ ਸਾਹਿਬ ਨਾਲ ਮਿਲਣ ਵਾਲੇ ਸਾਰੇ ਸਿਆਸੀਆਂ ਨੂੰ ਅਪੀਲ ਕਰਦੀ ਹੈ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਜੀ ਦੇ ਦਿਸ਼ਾ ਨਿਰਦੇਸ਼ਾਂ ਤੇ ਹੁਕਮਾਂ ਦੀ ਪਾਲਣਾ ਕਰਨ ਕੀਤੀ ਜਾਵੇ ਦੇ ਨਾਲ ਨਾਲ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਅਕਾਲ ਤਖ਼ਤ ਸਾਹਿਬ ਤੇ ਤਲਬ ਕਰਨ ਦੀ ਮੰਗ ਕਰਦੀ ਹੈ, ਕਿਉਂਕਿ ਉਨ੍ਹਾਂ ਨੇ ਜਥੇਦਾਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨਾ ਕਰਦਿਆਂ ਮਾਨਸਿਕ ਤੌਰ ਤੇ ਬਿਮਾਰ ਤੇ ਬਿਨਾਂ ਵਜ੍ਹਾ ਲੰਮੇ ਸਮੇਂ ਤੋਂ ਜੇਲ'ਚ ਬੰਦ ਪ੍ਰੋ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਾਲੀ ਫਾਈਲ ਤੇ ਸਾਇਨ ਨਹੀਂ ਕੀਤੇ ਅਤੇ ਰਿਆਹੀ ਰੁੱਕ ਗਈ, ਜਦੋਂ ਕਿ ਜਥੇਦਾਰ ਸਾਹਿਬ ਨੇ ਉਨ੍ਹਾਂ ਨੂੰ ਇਸ ਫ਼ਾਇਲ ਤੇ ਸਾਈਨ ਕਰਨ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ,ਇਸ ਕਰਕੇ ਹਰ ਸਿੱਖ ਮਾਈ ਭਾਈ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੇ ਜਥੇਦਾਰ ਸਾਹਿਬ ਦੇ ਹੁਕਮਾਂ, ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਲੋੜ ਤੇ ਜ਼ੋਰ ਦੇਣਾ ਚਾਹੀਦਾ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਮਾਝਾ ਦਸਮੇਸ਼ ਤਰਨਾ ਦਲ ਦੇ ਚੀਫ ਕਮਾਂਡਰ ਤੇ ਰੰਗਰੇਟਾ ਕੌਮ ਦੀ ਬੁਲੰਦ ਆਵਾਜ਼ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਫਾਜ਼ਿਲਕਾ ਦੇ ਐਸ ਐਸ ਪੀ ਸਰਦਾਰ ਗੁਰਮੀਤ ਸਿੰਘ ਜੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੱਸੇ ਬਗੈਰ ਦਰਬਾਰ ਸਾਹਿਬ ਦੀਆਂ ਪਰਕਰਮਾਂ 'ਚ ਟਾਸਕ ਫੋਰਸ ਦੀ ਦਖ਼ਲ ਅੰਦਾਜ਼ੀ ਦੀ ਪ੍ਰਵਾਹ ਨਾ ਕਰਦਿਆਂ ਦੋ ਬੰਦਿਆਂ ਨੂੰ ਸਿਵਲ ਵਰਦੀ 'ਚ ਚੁੱਕਣ ਦੀ ਜਥੇਦਾਰ ਸਾਹਿਬ ਗਿਆਨੀ ਕੁਲਦੀਪ ਸਿੰਘ ਜੀ ਦੇ ਪੇਸ਼ ਹੋ ਕੇ ਖਿਮਾ ਜਾਚਨਾ ਮੰਗਣ ਦੀ ਜ਼ੋਰਦਾਰ ਸ਼ਬਦਾਂ ਵਿਚ ਸ਼ਲਾਘਾ ਤੇ ਇਸ ਨੂੰ ਪੁਲਿਸ ਦੀ ਇਤਿਹਾਸਕ ਪਲੇਠੀ ਬੇਨਤੀ ਦੱਸਣ ਦੇ ਨਾਲ ਨਾਲ ਸਮੂਹ ਸਿਆਸੀ ਆਗੂਆਂ ਨੂੰ ਜਥੇਦਾਰ ਸਾਹਿਬ ਦੇ ਹੁਕਮਾਂ ਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣ ਕਰਨ ਦੀ ਲੋੜ ਤੇ ਜ਼ੋਰ



ਦੇਣ ਦੀ ਮੰਗ ਕਰਦਿਆਂ ਇੱਕ ਸਾਂਝੇ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਜਥੇਦਾਰ ਸੋਢੀ ਸਾਹਿਬ ਤੇ ਭਾਈ ਖਾਲਸਾ ਨੇ ਜ਼ੋਰ ਦੇ ਕੇ ਕਿਹਾ ਜਥੇਦਾਰ ਸਾਹਿਬ ਦੇ ਹੁਕਮਾਂ ਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨਾ ਗੁਰੂ ਘਰ ਨਾਲ ਸ਼ਰਧਾ ਰੱਖਣ ਵਾਲੀਆਂ ਨਾਨਕ ਨਾਮ ਲੇਵਾ ਸੰਗਤਾਂ ਦਾ ਫਰਜ਼ ਤੇ ਧਰਮੀ ਡਿਊਟੀ ਬਣਦੀ ਹੈ, ਇਹਨਾਂ ਅਗਾਹ ਵਧੂ ਪੰਥਕ ਆਗੂਆਂ ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਤੇ ਦੋਸ਼ ਲਾਇਆ ਕਿ ਉਹਨਾਂ ਨੇ ਜਥੇਦਾਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਤੇ ਪਹਿਰਾ ਨਾਂ ਦੇਂਦਿਆਂ ਜਥੇਦਾਰ ਸਾਹਿਬ ਦੇ ਹੁਕਮਾਂ ਅਨੁਸਾਰ ਮਾਨਸਿਕ ਰੋਗੀ ਤੇ ਲੰਮੇ ਸਮੇਂ ਤੋਂ ਗੈਰ ਕਾਨੂੰਨੀ ਜੇਲ'ਚ ਬੰਦ ਪ੍ਰੋ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਾਲੀ ਫਾਈਲ ਤੇ ਸਾਈਨ ਨਹੀਂ ਕੀਤੇ ? ਜਿਸ ਦੇ ਸਿੱਟੇ ਵਜੋਂ ਉਹਨਾਂ ਦੀ ਰਿਹਾਈ ਰੁੱਕ ਗਈ ਅਤੇ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਮਿੱਟੀ 'ਚ ਰੋਲੀਆਂ ਗਈਆਂ,ਜਥੇ ਸੋਢੀ ਸਾਹਿਬ ਤੇ ਭਾਈ ਖਾਲਸਾ ਨੇ ਸਪੱਸ਼ਟ ਕੀਤਾ ਕਿ ਜਥੇਦਾਰ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਸਾਹਿਬ ਚਾਹੀਦਾ ਹੈ ਕਿ ਉਹ ਪ੍ਰੋ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਨੂੰ ਰੋਕਣ ਸਬੰਧੀ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਅਕਾਲ ਤਖ਼ਤ ਸਾਹਿਬ ਤੇ ਤਲਬ ਕਰਨ ਤੇ ਭਾਜਪਾਈਆਂ ਸਿੱਖ ਵਿਰੋਧੀ ਅਸਲੀ ਚਿਹਰਾ ਲੋਕਾਂ ਸਾਹਮਣੇ ਨੰਗਾ ਕਰਨ,ਇਥੇ ਇਹ ਦੱਸਣਾ ਬੜਾ ਜ਼ਰੂਰੀ ਬਣਦਾ ਹੈ ਕਿ ਰੇਖਾ ਗੁਪਤਾ ਨੇ ਦੋ ਢਾਈ ਮਹੀਨੇ ਪਹਿਲਾਂ ਆਪਣੀ ਕੈਬਨਿਟ ਸਮੇਤ ਹਰਿਮੰਦਰ ਸਾਹਿਬ ਮੱਥਾ ਟੇਕਿਆ ਤੇ ਜਥੇਦਾਰ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਜਥੇਦਾਰ ਸਾਹਿਬ ਨੇ ਉਨ੍ਹਾਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਸਨ ਕਿ ਤੁਹਾਡੇ ਕੋਲ ਮਾਨਸਿਕ ਰੋਗੀ ਪ੍ਰੋ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਾਲੀ ਫਾਈਲ ਪਈ ਹੈ ਅਤੇ ਤੁਸੀਂ ਉਸ ਤੇ ਸਾਈਨ ਕਰ ਦੇਵੋ ਤਾਂ ਕਿ ਉਹਨਾਂ ਦੀ ਰਿਹਾਈ ਹੋ ਸਕੇ, ਰੇਖਾ ਗੁਪਤਾ ਨੇ ਜਥੇਦਾਰ ਸਾਹਿਬ ਨੂੰ ਭਰੋਸਾ ਦਿੱਤਾ ਸੀ ਕਿ ਉਹ ਜ਼ਰੂਰ ਸਾਇਨ ਕਰ ਦੇਣਗੇ,ਪਰ ਰੇਖਾ ਗੁਪਤਾ ਨੇ ਜਥੇਦਾਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨਹੀਂ ਕੀਤੀ ਜਿਸ ਦੇ ਮਨੁੱਖੀ ਕਦਰਾਂ ਕੀਮਤਾਂ ਨੂੰ ਮਿੱਟੀ''ਚ ਰੋਲਿਆ ਗਿਆ ? ਸਿੰਘ ਸਾਹਿਬ ਜਥੇਦਾਰ ਬਾਬਾ ਮੇਜ਼ਰ ਸਿੰਘ ਸੋਢੀ ਸਾਹਿਬ ਤੇ ਭਾਈ ਵਿਰਸਾ ਸਿੰਘ ਖਾਲਸਾ ਨੇ ਕਿਹਾ ਮਾਝਾ ਦਸਮੇਸ਼ ਤਰਨਦਲ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿਥੇ ਫਾਜ਼ਿਲਕਾ ਦੇ ਐਸ ਐਸ ਪੀ ਸਰ ਗੁਰਮੀਤ ਸਿੰਘ ਸਿੰਘ ਵੱਲੋਂ ਆਪਣੀ ਸਿਧਾਂਤਕ ਗਲਤੀ ਲਈ ਜਥੇਦਾਰ ਅਕਾਲਤਖਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਸਾਹਿਬ ਜੀ ਨੂੰ ਆਪਣਾ ਦਾੜਾ ਖੋਲ ਕੇ ਜਾਚਨਾ ਮੁਵਾਫੀ ਪੱਤਰ ਦੇਣ ਵਾਲੀ ਪੁਲਿਸ ਨੀਤੀ ਦੀ ਜ਼ੋਰਦਾਰ ਸ਼ਬਦਾਂ ਵਿਚ ਸ਼ਲਾਘਾ ਕਰਦੀ ਹੈ ਕਿਉਂਕਿ ਇਸ ਨਾਲ ਦਰਬਾਰ ਸਾਹਿਬ ਦੀ ਪਵਿੱਤਰਤਾ ਮਹਾਨਤਾ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੀ ਮਹਾਂਨਤਾ ਵਧੀ ਹੈ ਅਤੇ ਨਾਲ ਸਮੂਹ ਸਿਆਸੀ ਆਗੂਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਭਵਿੱਖ 'ਚ ਜਥੇਦਾਰ ਅਕਾਲਤਖਤ ਸਾਹਿਬ ਦੇ ਹੁਕਮਾਂ ਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਲੋੜ ਤੇ ਜੋਰ ਦੇਣ ਦੇ ਨਾਲ ਨਾਲ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਸਾਹਿਬ ਜੀ ਤੋਂ ਮੰਗ ਕੀਤੀ ਕਿ ਉਹ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਅਕਾਲ ਤਖ਼ਤ ਸਾਹਿਬ ਤੇ ਤਲਬ ਕਰਨ ਕਿਉਂਕਿ ਉਨ੍ਹਾਂ ਨੇ ਜਥੇਦਾਰ ਸਾਹਿਬ ਅੱਗੇ ਮੰਨ ਕੇ ਮਾਨਸਿਕ ਰੋਗੀ ਪ੍ਰੋ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਾਲੀ ਸਾਈਨ ਨਹੀਂ ਕੀਤੇ ਤੇ ਉਹਨਾਂ ਦੀ ਰਿਹਾਈ ਰੁਕਮ ਦੇ ਨਾਲ ਨਾਲ ਮਨੁੱਖੀ ਅਧਿਕਾਰਾਂ ਦੀ ਅਲੰਘਣਾ ਹੋਈ ਹੈ, ਇਸ ਮੌਕੇ ਤੇ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਤੇ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਭਾਈ ਵਿਰਸਾ ਸਿੰਘ ਖਾਲਸਾ ਨਾਲ ਜਥੇਦਾਰ ਬਾਬਾ ਬਲਦੇਵ ਸਿੰਘ ਵੱਲਾ ਮੁਖੀ ਸ਼ਹੀਦ ਬਾਬਾ ਜੀਵਨ ਸਿੰਘ ਜੀ, ਜਥੇਦਾਰ ਬਾਬਾ ਸੁਖਪਾਲ ਸਿੰਘ ਜੀ ਮੁਖੀ ਮਾਲਵਾ ਤਰਨਾ ਦਲ ਬਾਬਾ ਸੰਗਤ ਜੀ, ਜਥੇਦਾਰ ਬਾਬਾ ਬਲਦੇਵ ਸਿੰਘ ਮੁਸਤਫ਼ਾ ਪੁਰ, ਜਥੇਦਾਰ ਬਾਬਾ ਪ੍ਰਗਟ ਸਿੰਘ ਮਜੀਠਾ ਬਾਈਪਾਸ, ਜਥੇਦਾਰ ਬਾਬਾ ਸਤਨਾਮ ਸਿੰਘ ਖਾਪੜਖੇੜੀ ਪ੍ਰਧਾਨ, ਜਥੇਦਾਰ ਹਰਜਿੰਦਰ ਸਿੰਘ ਮੁਕਤਸਰ ਸਾਹਿਬ, ਭਾਈ ਸੁਖਦੇਵ ਸਿੰਘ ਜਗਰਾਓਂ, ਜਥੇਦਾਰ ਸਤਨਾਮ ਸਿੰਘ ਰੱਤੜਾ ਤੋਂ ਇਲਾਵਾ ਬਹੁਤ ਸਾਰੇ ਫੈਡਰੇਸ਼ਨ ਆਗੂ ਤੇ ਲਾਡਲੀਆਂ ਨਿਹੰਗ ਸਿੰਘ ਫ਼ੌਜਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




# ਮਹਾਨ ਗੁਰਮਤਿ ਸਮਾਗਮ



☛ ਵੱਡਾ ਘੱਲੂਘਾਰਾ (ਕੁੱਪ ਰੋਹੀੜਾ) ☛ ਜਨਮ ਦਿਹਾੜਾ ਸਾਹਿਬਜ਼ਾਦਾ ਅਜੀਤ ਸਿੰਘ ਸਾਹਿਬ ਜੀ ☛ ਜਨਮ ਦਿਵਸ ਸੰਤ ਗਿਆਨੀ ਗੁਰਬਚਨ ਸਿੰਘ ਸਾਹਿਬ ਜੀ। ☛ ਬਰਸੀ ਸੰਤ ਬਾਬਾ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਬੋਪਾਰਾਏ ਕਲਾਂ ਮੋਗਾ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ।

**ਸ਼ਨਿੱਚਰਵਾਰ 14 ਫਰਵਰੀ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ**

ਐਤਵਾਰ 15 ਫਰਵਰੀ 2026 ਨੂੰ 6:30 ਵਜੇ ਸਵੇਰੇ ਚੌਪਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:30 ਵਜੇ ਭੋਗ ਪੈਣਗੇ ਉਪਰੰਤ 12 : 30 ਵਜੇ ਤੱਕ ਦੀਵਾਨ ਸਜਣਗੇ।

ਕਥਾ ਵਾਚਕ ਗਿਆਨੀ ਬਾਬਾ ਗੋਪਾਲ ਸਿੰਘ ਬਟਾਲਾ ਗੁਰਦਾਸਪੁਰ ਵਾਲੇ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

## ਗ੍ਰੰਥੀ ਸਿੰਘਾਂ ਦੇ ਹੱਕ ਦੀ ਆਵਾਜ਼ ਰਜਿਸਟਰਡ ਸੰਸਥਾ ਵੱਲੋਂ

# ਗ੍ਰੰਥੀ ਸਿੰਘਾਂ ਦੀ ਹਰ ਮਹੀਨੇ 13 ਤਰੀਕ ਨੂੰ ਹੋਣ ਵਾਲੀ ਮੀਟਿੰਗ ਲਈ ਦਫਤਰ ਦਾ ਨੀਂਹ ਪੱਥਰ ਅੱਜ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਕਰ ਕਮਲਾਂ ਨਾਲ ਰੱਖਿਆ














ਗ੍ਰੰਥੀ ਸਿੰਘਾਂ ਦੇ ਹੱਕ ਦੀ ਆਵਾਜ਼ ਰਜਿਸਟਰਡ ਸੰਸਥਾ ਵੱਲੋਂ ਪਿੰਡ ਛੱਜੂਪੁਰ ਨੇੜੇ ਪਿਹੋਵਾ ਕੁਰੂਕਸ਼ੇਤਰ ਵਿਖੇ ਭਾਈ ਜਸਬੀਰ ਸਿੰਘ ਬਾਵਾ ਦੇ ਉਪਰਾਲੇ ਸਦਕਾ ਗ੍ਰੰਥੀ ਸਿੰਘਾਂ ਦੀ ਹਰ ਮਹੀਨੇ 13 ਤਰੀਕ ਨੂੰ ਹੋਣ ਵਾਲੀ ਮੀਟਿੰਗ ਲਈ ਦਫਤਰ ਦਾ ਨੀਂਹ ਪੱਥਰ ਅੱਜ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਕਰ ਕਮਲਾਂ ਨਾਲ ਰੱਖਿਆ ਇਸ ਸਮੇਂ ਗ੍ਰੰਥੀ ਸਿੰਘਾਂ ਤੋਂ ਇਲਾਵਾ ਸਰਦਾਰ ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ,ਸਰਦਾਰ ਸਵਰਨ ਸਿੰਘ ਬੁੰਗਾ ਟਿੱਬੀ ਸੀਨੀਅਰ ਮੈਂਬਰ,ਸਰਦਾਰ ਚਰਨ ਸਿੰਘ ਪ੍ਰੇਮਪੁਰਾ ਪ੍ਰਧਾਨ ਐਨਆਰਆਈ ਵਿੰਗ ਯੂਐਸਏ,ਜਥੇਦਾਰ ਸਤਪਾਲ ਸਿੰਘ ਰਾਮਗੜ੍ਹੀਆ ਸਾਬਕਾ ਮੈਂਬਰ ਵੀ ਹਾਜ਼ਰ ਸਨ ਜਥੇਦਾਰ ਜੀ ਵਲੋਂ ਇੱਕ ਲੱਖ ਰੁਪਿਆ ਸੰਸਥਾ ਨੂੰ ਦਫ਼ਤਰ ਉਸਾਰੀ ਲਈ ਭੇਂਟ ਕੀਤਾ ਗਿਆ ਸਰਪੰਚ ਗੁਰਮਿਹਰ ਸਿੰਘ ਛੱਜੂਪੁਰ,ਗੁਰਦੁਆਰਾ ਕਮੇਟੀ ਪ੍ਰਧਾਨ ਪਰਮਜੀਤ ਸਿੰਘ ਅਤੇ ਭਾਈ ਜਸਵੀਰ ਸਿੰਘ ਬਾਵਾ ਵਲੋਂ ਸਭ ਦਾ ਸਿਰਪਾਉ ਭੇਂਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




★ ਜਾਰੀ ਕਰਤਾ ★
ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
+447458381111 +447976210161 +919729091243